ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥


www.sribhainisahib.com ਜਿਲਦ-24 ਨੰਬਰ-16

3 ਤੋਂ 9 ਹਾੜ੍ਹ 2073 - 16 to 22 June 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿਨੑਾ ਪਾਸਿ॥ ਜਗ ਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥

# ਵਿਸ਼ਵ ਸ਼ਾਂਤੀ ਅਤੇ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਵਾਸਤੇ ਚੌਪਈ ਪਾਤਸ਼ਾਹੀ ੧੦ਵੀਂ ਦੇ 1,31,500 ਪਾਠਾਂ ਦੇ ਭੋਗ



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਜਗਜੀਤ ਮੰਦਰ-ਸ੍ਰੀ ਭੈਣੀ ਸਾਹਿਬ ਵਿਖੇ ਚੌਪਈ ਪਾਤਸ਼ਾਹੀ ੧੦ਵੀਂ ਦੇ ਪਾਠ ਆਰੰਭ ਕੀਤੇ ਗਏ ।
4 ਜੂਨ 2016 ਨੂੰ ਪਾਠਾਂ ਦੇ ਆਰੰਭ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ ।



ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਕੈਪਟਨ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਪੰਜਾਬ, ਪੰਜਾਬ ਦੇ ਮਸ਼ਹੂਰ ਸੂਫੀ ਗਾਇਕ ਹੰਸਰਾਜ ਹੰਸ ਅਤੇ ਹੋਰ ਜਾਣੀ ਮਾਣੀ ਹਸਤੀਆਂ - 5.6.2016

**ਸ੍ਰੀ ਭੈਣੀ ਸਾਹਿਬ, 4.6.2016** - ਚੌਪਈ ਪਾਤਸ਼ਾਹੀ ਦਸਵੀਂ ਦਾ ਪਵਿਤ੍ਰ ਪਾਠ ਜਿਸ ਦੀ ਸਿੱਖ ਜਗਤ ਵਿੱਚ ਖਾਸ ਮਹਾਨਤਾ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਸਮੇ, ਹੁਕਮ ਅਨੁਸਾਰ, ਸਾਧ-ਸੰਗਤ, ਬੜੇ ਸ਼ਰਧਾ ਪਿਆਰ ਨਾਲ ਪਾਠ ਕਰਦੀ ਆ ਰਹੀ ਹੈ। ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪਾਠ ਕਈ ਵਾਰ ਸਵਾ-ਸਵਾ ਲੱਖ ਦੀ ਗਿਣਤੀ ਵਿੱਚ ਹੋ ਚੁੱਕੇ ਹਨ ਅਤੇ ਹੋ ਰਹੇ ਹਨ। ਗਊ ਗਰੀਬ, ਦੀ, ਧਰਮ ਦੀ, ਰੱਖਿਆ ਵਾਸਤੇ ਚੰਡੀ ਦੀ ਵਾਰ ਦੇ ਪਾਠ ਸਵਾ-ਸਵਾ ਲੱਖ ਕਈ ਵਾਰ ਸਾਧ-ਸੰਗਤ ਨੇ ਕੀਤੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਅੰਤਲੇ ਸਾਲਾਂ ਵਿੱਚ ਜੋ ਬਖ਼ਸ਼ਿਸ਼ ਹੋਈ ਹੈ, ਉਹ ਇਕ ਅਦੁੱਤੀ ਕਿਰਪਾ ਸੀ।

ਅੱਜ ਦੇ ਸਮੇਂ ਦੇ ਮਾਲਕ ਸਤਿਗੁਰੂ ਉਦੈ ਸਿੰਘ ਜੀ ਜੋ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੇਵਕ ਰੂਪ ਵਿੱਚ ਰਹਿੰਦੇ ਹੋਏ ਅਤੇ ਸੰਤ ਜਗਤਾਰ ਸਿੰਘ ਜੀ ਸਮੇਤ ਆਪਣੀ ਪਿਆਰੀ ਦੇਖ ਰੇਖ ਵਿੱਚ ਹਰ ਸਾਲ ਕੋਈ ਨ ਕੋਈ ਸਵਾ-ਸਵਾ ਲੱਖ ਪਾਠ ਕਰਵਾਂਦੇ ਰਹੇ ਹਨ।

ਸ੍ਰੀ ਭੈਣੀ ਸਾਹਿਬ ਵਿਖੇ ਕਦੀ ਚੰਡੀ, ਦੀ ਵਾਰ ਦੇ ਪਾਠ ਅਤੇ ਹਵਨ ਯੱਗ ਕਰਵਾਏ।

(ਬਾਕੀ ਸਫ਼ਾ 2 'ਤੇ)

# ਚੌਪਈ ਪਾ: 10ਵੀਂ ਦੇ ਪਾਠਾਂ ਦੇ ਭੋਗ...(ਬਾਕੀ ਸਫਾ 1 ਦੀ)

ਜੋ ਭਰ ਸਰਦੀ ਵਿਚ ਸੁੱਚ ਸੋਧ ਮਰਯਾਦਾ ਸਹਿਤ ਹੋਏ।

ਇਸੇ ਤਰ੍ਹਾਂ 8 ਪੋਹ ਤੋਂ 15 ਪੋਹ ਸੰਮਤ 2067 ਬਿਕ੍ਰਮੀ ਮੁਤਾਬਿਕ (23 ਦਸੰਬਰ ਤੋਂ 30 ਦਸੰਬਰ ਸੰਨ 2010) ਨੂੰ ਚੌਪਈ ਸਾਹਿਬ ਦੇ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਅਰੋਗਤਾ ਵਾਸਤੇ ਸ੍ਰੀ ਭੈਣੀ ਸਾਹਿਬ ਹਵਨ ਮੰਡਪ ਵਿਚ ਪੂਰਨ ਸੁਚ ਸੋਧ ਮਰਯਾਦਾ ਅਨੁਸਾਰ ਧੂਪ, ਦੀਪ, ਸਮਗਰੀ ਸੰਯੁਕਤ ਪਾਠ ਕੀਤੇ ਗਏ ਸਨ।

ਇਹ ਚੋਪਈ ਸਾਹਿਬ ਦੇ ਪਾਠ ਅੱਠ ਦਿਨ ਵਿਚ 2 ਲੱਖ 38 ਹਜ਼ਾਰ ਹੋਣ ਤੇ ਸਮਾਪਤੀ ਦੀ ਅਰਦਾਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਕੀਤੀ ਗਈ ਸੀ। ਉਪਰੰਤ 16 ਦਸੰਬਰ ਸੰਨ 2011 ਮੁਤਾਬਿਕ 2068 ਬਿਕ੍ਰਮੀ ਨੂੰ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਦੇ ਅਖੰਡ ਪਾਠਾਂ ਦਾ ਪ੍ਰਯੋਗ ਆਰੰਭ ਕੀਤਾ ਗਿਆ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਦਸੀ ਮਰਯਾਦਾ ਅਨੁਸਾਰ ਸ੍ਰੀ ਭੈਣੀ ਸਾਹਿਬ ਦੇ ਹਵਨ ਮੰਡਪ ਵਿਚ ਧੂਪ, ਦੀਪ, ਕੁੰਭ, ਜਪੁਜੀ ਸਾਹਿਬ ਦੀ ਵਰਨੀ ਸਯੁੰਕਤ, ਹਵਨ ਕੁੰਡ ਦੇ ਦੁਆਲੇ ਬੀੜਾਂ ਦਾ ਪ੍ਰਕਾਸ਼ ਕਰਕੇ ਪਾਠੀ ਸਿੰਘ ਪਾਠ ਕਰਦੇ, ਧੂਪੀਆ ਸਿੰਘ ਜਪੁਜੀ ਸਾਹਿਬ ਦਾ ਪਾਠ ਕਰਦਾ ਅਤੇ ਜੋਤ ਧੂਪ, ਗੀਟੇ ਦੀ ਸੇਵਾ ਕਰਦਾ ਸੀ।

30 ਦਸੰਬਰ 2011 ਨੂੰ ਚਲਦੇ ਪਾਠ, ਇਕ ਸਾਰ ਪੂਰੇ ਕਰਕੇ ਸਾਰੀਆਂ ਬੀੜਾਂ ਤੋਂ ਇਕਠੇ ਅਖੰਡ ਪਾਠ ਆਰੰਭ ਕੀਤੇ ਗਏ। ਇਕ ਅਖੰਡ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਵੀ ਗੋਲ ਮੰਦਰ ਵਿਚ ਆਰੰਭ ਕੀਤਾ ਗਿਆ।

1 ਜਨਵਰੀ ਸੰਨ 2012 ਨੂੰ ਸਵੇਰੇ 9 ਵਜੇ ਤੋਂ 11 ਵਜੇ ਤਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਅਖੰਡ ਪਾਠਾਂ ਦੇ ਨੌਵੇਂ ਮਹਲੇ ਦੇ ਸਲੋਕ ਪੜ੍ਹੇ ਗਏ। 202 ਆਦਿ ਸ੍ਰੀ ਗ੍ਰੰਥ ਸਾਹਿਬ ਦੇ ਅਤੇ 1 ਸ੍ਰੀ ਦਸਮ ਗ੍ਰੰਥ ਸਾਹਿਬ ਦਾ ਭੋਗ ਪਾ ਕੇ ਸਮਾਪਤੀ ਦੀ ਅਰਦਾਸ ਕੀਤੀ ਗਈ ਸੀ। ਇਸ ਪ੍ਰਯੋਗ ਵਿਚ (ਸਤਿਗੁਰੂ) ਉਦੈ ਸਿੰਘ ਜੀ, ਸੰਤ ਜਗਤਾਰ ਸਿੰਘ, ਕਾਕਾ ਜੈ ਸਿੰਘ ਦੀ ਬਹੁਤ ਵਡੀ ਮਿਹਨਤ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ **'ਤਖਤ ਬਹੈ ਤਖਤੈ ਕੇ ਲਾਇਕ'** ਅਨੁਸਾਰ ਨਾਮਧਾਰੀ ਪੰਥ ਦੇ ਹਿਰਦਿਆਂ ਦੇ ਸਮਰਾਟ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਜੋ ਸਮੇਂ ਦੀਆਂ ਕਠਿਨ ਪ੍ਰਸਥਿਤੀਆਂ ਦੇ ਬਾਵਜੂਦ ਨਾਮਧਾਰੀ ਪੰਥ ਦੀ ਸੰਭਾਲਨਾ ਕਰ ਰਹੇ ਹਨ। ਆਪਣੀ ਸੀਤਲਤਾ ਦੁਆਰਾ ਕਲਜੁਗੀ ਮਹਾਂ ਅਗਨੀ ਪ੍ਰਭਾਵ ਤੋਂ ਸੰਗਤ ਨੂੰ ਬਚਾ ਕੇ ਆਪਣੀ ਮਿਹਰ ਭਰੀ ਬੁੱਕਲ ਵਿਚ ਸੁਖ ਦੇ ਰਹੇ ਹਨ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਵਿਸ਼ਵ ਸ਼ਾਂਤੀ ਅਤੇ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਵਾਸਤੇ ਪਹਿਲੀ ਵਾਰ ਚਾਰ ਦਿਨ ਦਾ ਚੌਪਈ ਪਾਤਸ਼ਾਹੀ ਦਸਵੀਂ ਦੇ ਪਾਠਾਂ ਦਾ ਇਹ ਪ੍ਰਯੋਗ ਆਰੰਭ ਕੀਤਾ ਹੈ ਅਤੇ ਇਸ ਵਿਚ 1 ਲੱਖ 31 ਹਜ਼ਾਰ ਪੰਜ ਸੋ ਪਾਠ ਕਰਕੇ 8 ਜੂਨ ਨੂੰ ਸਮਾਪਤੀ ਦੀ ਅਰਦਾਸ ਕੀਤੀ ਗਈ ਹੈ। ਸਤਿਗੁਰੂ ਜੀ ਦੇ ਚਰਨਾਂ ਵਿਚ ਸੰਤ ਨਿਸ਼ਾਨ ਸਿੰਘ ਕਥਾ ਵਾਚਕ ਦੀ ਕੀਤੀ ਅਰਜ਼ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵਲੋਂ ਚੌਪਈ ਪਾਤਸ਼ਾਹੀ ਦਸਵੀਂ ਦੇ ਪਾਠ ਕਰਨ ਦੀ ਆਗਿਆ ਹੋਈ। ਮਾਸਟਰ ਦਰਸ਼ਨ ਸਿੰਘ ਤੇ ਸੰਤ ਨਿਸ਼ਾਨ ਸਿੰਘ ਨੇ ਇਸ ਸਾਰੇ ਪ੍ਰੋਗਰਾਮ ਦੀ ਰੂਪ ਰੇਖਾ ਤਿਆਰ ਕੀਤੀ ਹੈ।

**ਜਗਜੀਤ ਮੰਦਰ**

ਗਰਮੀ ਦਾ ਮੌਸਮ ਹੋਣ ਕਰਕੇ ਇਨਾਂ ਪਾਠਾਂ ਨੂੰ ਕਰਨ ਲਈ ਜਗਜੀਤ ਮੰਦਰ ਨੂੰ ਚੁਣਿਆ ਗਿਆ ਕਿਉਂਕਿ ਉਥੇ ਯੋਗ ਸੁਵਿਧਾਵਾਂ ਅਤੇ ਏ. ਸੀ. ਦਾ ਪ੍ਰਬੰਧ ਹੈ। ਸਾਧ ਸੰਗਤ ਵਾਸਤੇ ਲੰਗਰ ਅਤੇ ਆਰਾਮ ਕਰਨ ਵਾਸਤੇ ਜਗ੍ਹਾ ਨਜ਼ਦੀਕ ਹੀ ਸੀ। ਜਗਜੀਤ ਮੰਦਰ ਦੇ ਵਿਚ ਪਾਠ ਸ਼ੁਰੂ ਕਰਨ ਲਈ ਪਾਠੀ ਸਿੰਘਾਂ ਨੇ ਅੰਮ੍ਰਿਤ ਛਕ ਕੇ ਸੁੱਚ ਸੋਧ ਦੇ ਧਾਰਨੀ ਬਣ ਤਿਆਰੀ ਕਰ ਲਈ ਮੰਦਰ ਵਿਚ ਸੋਧ ਦੀਆਂ ਚਾਦਰਾਂ ਕੰਬਲ ਵਿਛਾਏ ਗਏ। ਥੜ੍ਹੇ ਦੇ ਉਪਰ ਜੋਤ-ਕੁੰਭ ਰੱਖਿਆ ਗਿਆ ਨਾਲ ਹੀ ਸ੍ਰੀ ਸਤਿਗੁਰੂ ਜੀ ਦਾ ਆਸਣ ਵਿਛਾਇਆ ਗਿਆ। ਪਾਠੀਆਂ ਲਈ ਉਸ ਦੇ ਅਗੇ ਦੋ-ਦੋ ਲੰਬੀਆਂ ਚੌਕੀਆਂ ਦੇ ਉਪਰ ਵਿਛਾਈ ਕਰਕੇ ਸੋਧ ਦੇ ਵਸਤਰਾਂ ਦੇ ਉਪਰ ਚੌਪਈ ਦੀਆਂ ਪੋਥੀਆਂ ਰੱਖੀਆਂ ਗਈਆਂ।

**ਪਾਠਾਂ ਦਾ ਆਰੰਭ-**

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ 4.6.2016 ਨੂੰ ਸਵੇਰੇ ਅੰਮ੍ਰਿਤ ਵੇਲੇ 4 ਵਜੇ ਸੂਬਾ ਬਲਵਿੰਦਰ ਸਿੰਘ ਨੇ ਚੌਪਈ ਪਾਤਸ਼ਾਹੀ 10ਵੀਂ ਦੇ ਪਾਠਾਂ ਦੀ ਆਰੰਭਤਾ ਦੀ ਅਰਦਾਸ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਕੀਤੀ। ਕੁਝ ਸਮਾਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਉਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਹਰੀ ਮੰਦਰ ਵਿਚ ਆਸਾ ਦੀ ਵਾਰ ਵਿਚ ਦਰਸ਼ਨ ਦੇਣ ਚਲੇ ਗਏ। ਇਸ ਸਮੇਂ ਮੰਦਰ ਵਿਚ ਬੈਠੇ ਪਾਠੀ ਸਿੰਘਾਂ ਦੀ ਗਿਣਤੀ 154 ਸੀ।

**ਪਾਠਾਂ ਦਾ ਹਿਸਾਬ ਕਿਤਾਬ-**

ਅਖੰਡ ਵਰਨੀ ਦੇ ਨਾਲ ਛੱਪਰ ਵਾਲੇ ਮੰਦਰ ਵਿਚ ਪਾਠਾਂ ਦਾ ਦਫਤਰ ਸੀ ਜਿਥੇ ਹਰ ਪਾਠੀ ਆਪਣੀ ਰੋਲ ਤੋਂ ਬਾਅਦ ਕੀਤੇ ਪਾਠ ਲਿਖਵਾਉਂਦਾ ਸੀ। ਇਸ ਕਾਰਜ ਦੀ ਸੇਵਾ ਸੰਤ ਸਤਨਾਮ ਸਿੰਘ ਦਿੱਲੀ, ਗੁਰਦਿਆਲ ਸਿੰਘ ਰਾਇਸਰੀ (ਪ੍ਰਬੰਧਕ ਸਵਾ ਲੱਖ ਪਾਠ), ਸੰਤ ਦਰਸ਼ਨ ਸਿੰਘ, ਯੂ. ਪੀ., ਸੰਤ ਜਗਮੋਹਨ ਸਿੰਘ ਨੇ ਕੀਤੀ।

**ਲੰਗਰ ਦਾ ਪ੍ਰਬੰਧ-**

ਜਗਜੀਤ ਮੰਦਰ ਦੇ ਪਿਛਲੇ ਪਾਸੇ (ਅਖੰਡ ਵਰਨੀ) ਦੇ ਕੋਲ ਲੰਗਰ ਦਾ ਇੰਤਜਾਮ ਕੀਤਾ ਗਿਆ ਸੀ। ਖੂਹੀ ਤੇ 2 ਸਿੰਘ ਵਾਰੋ ਵਾਰੀ ਜਲ ਛਕਾਉਣ ਤੇ ਚਰਨ ਧੁਆਉਣ ਦੀ ਸੇਵਾ ਕਰ ਰਹੇ ਸਨ। ਇਥੇ ਪਾਠੀ ਸਿੰਘ ਕਤਾਰਾਂ ਵਿਚ ਬੈਠ ਕੇ ਭੋਜਨ ਛਕਦੇ ਸਨ। ਸੂਬਾ ਅਮਰੀਕ ਸਿੰਘ ਅਸੰਧ, ਸੰਤ ਗੁਰਦੇਵ ਸਿੰਘ ਸਰਪੰਚ ਜਾਲਖੇੜੀ ਨੇ ਆਪਣੇ ਸਹਿਯੋਗੀ ਸਿੰਘਾਂ ਦੇ ਨਾਲ ਸਾਧ ਸੰਗਤ ਨੂੰ ਲੰਗਰ ਛਕਾਉਣ ਦੀ ਸੇਵਾ ਤਨ ਤੇ ਮਨ ਨਾਲ ਦਿਨ ਰਾਤ ਕੀਤੀ। ਸਾਧ ਸੰਗਤ ਵਾਸਤੇ ਤਰ੍ਹਾਂ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ ਗਏ।

**ਡੇਰੇ ਦਾ ਇੰਤਜਾਮ-**

ਸਾਧ ਸੰਗਤ ਦੇ ਵਾਸਤੇ ਪ੍ਰਤਾਪ ਮੰਦਰ ਦੇ ਹਾਲ ਵਿਚ ਡੇਰਿਆਂ ਦਾ ਇੰਤਜਾਮ ਕੀਤਾ ਗਿਆ ਸੀ। ਗਰਮੀ ਜ਼ਿਆਦਾ ਹੋਣ ਕਰਕੇ ਭਾਵੇਂ ਉਥੇ ਆਰਾਮ ਕਰਨਾ ਔਖਾ ਸੀ। ਸਮੇਂ ਮੁਤਾਬਿਕ ਸ੍ਰੀ ਸਤਿਗੁਰੂ ਜੀ ਨੇ ਉਚੇਚੇ ਹੋਰ ਕੂਲਰ ਤੇ ਪੱਖਿਆ ਦਾ ਇੰਤਜਾਮ ਕੀਤਾ। ਮੌਸਮ ਵਿਚ ਤਬਦੀਲੀ ਆਈ ਹਲਕੀ ਫੁਲਕੀ ਬਾਰਿਸ਼ ਨੇ ਮੌਸਮ ਨੂੰ ਵਧੀਆ ਕਰ ਦਿੱਤਾ ਸੀ।

**ਪਾਠਾਂ ਦੀ ਰਿਪੋਰਟ-**

ਹਰ ਰੋਜ਼ ਕੀਤੇ ਪਾਠਾਂ ਦੀ ਰਿਪੋਰਟ ਸੰਤ ਗੁਰਦਿਆਲ ਸਿੰਘ ਰਾਏਸਰੀ ਆਸਾ ਦੀ ਵਾਰ ਵਿਚ ਸ੍ਰੀ ਸਤਿਗੁਰੂ ਜੀ ਨੂੰ ਅਰਪਣ ਕਰਦੇ ਰਹੇ।

**ਪਹਿਲੇ ਦਿਨ ਪਾਠਾਂ ਦੀ ਗਿਣਤੀ-**

ਸਵੇਰੇ 4 ਵਜੇ ਅਰਦਾਸ ਨਾਲ ਪਾਠ ਆਰੰਭ ਹੋਏ ਤੇ ਰਾਤ 12 ਵਜੇ ਤਕ ਇਹਨਾਂ ਦੀ ਗਿਣਤੀ 16424 ਸੀ।

5-6-2016 ਨੂੰ 21701
6-6-2016 ਨੂੰ 28351
ਕੁਲ = 66476

ਅੱਜ 7 ਜੂਨ ਚੌਥਾ ਦਿਨ ਸੀ ਤੇ ਪਾਠ ਬਹੁਤ ਜ਼ਿਆਦਾ ਬਾਕੀ ਰਹਿੰਦੇ ਸਨ। 66476-125000 = 58524 ਬਾਕੀ ਸਨ। ਸੰਤ ਗੁਰਦਿਆਲ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ, ਕਿਰਪਾ ਕਰੋ ਸਵਾ ਲੱਖ ਪਾਠ ਸੰਪੂਰਨ ਹੋਣ ਕਿਉਂਕਿ ਸਾਡੀ ਇਹ ਸ਼ੁਰੂ ਤੋਂ ਪ੍ਰੰਪਰਾ ਬਣੀ ਹੈ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਘਰ ਘਰ ਜਾ ਕੇ ਆਖ ਕੇ ਆਵੋ। ਉਹਨਾਂ ਦਾ ਬਚਨ ਮਨ ਸੰਤ ਨਿਸ਼ਾਨ ਸਿੰਘ, ਸੰਤ ਗੁਰਦਿਆਲ ਸਿੰਘ ਤੇ ਸੂਬਾ ਬਲਵਿੰਦਰ ਸਿੰਘ ਨੇ ਸਾਰਿਆਂ ਨੂੰ ਅਰਜ਼ ਕੀਤੀ ਸਤਿਗੁਰੂ ਜੀ ਦਾ ਬਚਨ ਮਨ ਕਾਫੀ ਗਿਣਤੀ ਵਿਚ ਸੰਗਤਾਂ ਪਹੁੰਚ ਗਈਆਂ। ਹੁਣ ਹਰ ਇਕ ਰੋਲ ਵਿਚ ਸੰਗਤਾਂ ਭਰਪੂਰ ਸਨ। 150 ਦੇ ਕਰੀਬ ਸਿੰਘ ਰੋਲ ਵਿਚ ਬੈਠਦੇ। ਸਭ ਸੰਗਤਾਂ ਵਿਚ ਇਤਨਾਂ ਜੋਸ਼ ਸੀ ਕਿ ਸ਼ਾਮੀ 8 ਵਜੇ ਤਕ 1 ਲੱਖ ਪਾਠ ਸੰਪੂਰਨ ਹੋ ਗਿਆ ਸੀ। ਸਵੇਰੇ 7 ਵਜੇ ਤਕ 131500 ਪਾਠ ਸੰਪੂਰਨ ਹੋ ਗਏ ਸਨ।

**ਸਹਿਯੋਗੀ ਸੱਜਣ-**

ਸੂਬਾ ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਜੋਬਨ ਸਿੰਘ, ਸੰਤ ਸਤਨਾਮ ਸਿੰਘ ਸਸਰਾਲੀ ਕਲੋਨੀ, ਸੂਬਾ ਗੁਲਜਾਰ ਸਿੰਘ, ਜਥੇਦਾਰ ਬਲਵਿੰਦਰ ਸਿੰਘ ਚੱਕ, ਨਾਨਕ ਸਿੰਘ ਡੇਰਾ ਬਾਬਾ ਨਾਨਕ, ਸੂਬਾ ਜੋਗਿੰਦਰ ਸਿੰਘ, ਸੂਬਾ ਜਸਵੀਰ ਸਿੰਘ, ਸੂਬਾ ਹਰਜੀਤ ਸਿੰਘ, ਸੂਬਾ ਹਰਭਜਨ ਸਿੰਘ, ਸਤਪਾਲ ਸਿੰਘ ਮੰਡੀ, ਜਥੇਦਾਰ ਜੋਗਾ ਸਿੰਘ, ਸੂਬਾ ਗੁਰਮੀਤ ਸਿੰਘ, ਸੂਬਾ ਮਨੀ ਸਿੰਘ, ਸੂਬਾ ਹਰਭਜਨ ਸਿੰਘ ਲੁਧਿਆਣਾ, ਸੰਤ ਹਮੀਰ ਸਿੰਘ ਜੋੜਕੀਆਂ ਆਦਿ।

**8 ਜੂਨ 2016-**

ਅੱਜ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਚੌਪਈ ਪਾ:10 ਦੇ ਪਾਠਾਂ ਦੀ ਸਮਾਪਤੀ ਸੀ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ 7.30 ਵਜੇ ਅਰਦਾਸ ਹੋਣੀ ਸੀ। ਸੰਤ ਗੁਰਦਿਆਲ ਸਿੰਘ, ਗੁਰਦੇਵ ਸਿੰਘ ਚੀਮਾਂ, ਸਤਨਾਮ ਸਿੰਘ ਦਿੱਲੀ ਨੇ ਇਹਨਾਂ ਦੋ ਘੰਟਿਆਂ ਵਿਚ ਪਾਠਾਂ ਦੀ ਗਿਣਤੀ ਦਾ ਕੰਮ ਪੂਰਾ ਕੀਤਾ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ 131500 ਪਾਠ ਠੀਕ 7.30 ਵਜੇ ਸੰਪੂਰਨ ਹੋ ਚੁਕੇ ਸਨ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ ਉਨਾਂ ਹੁਕਮ ਕੀਤਾ ਦੁਬਾਰਾ ਕੋਈ ਪਾਠ ਆਰੰਭ ਨਾ ਕਰੇ, ਜਿਹੜਾ ਕਰ ਰਹੇ ਹੋ ਉਹ ਪੂਰਾ ਕਰ ਲਵੋ। ਕੜਾਹ ਪ੍ਰਸ਼ਾਦ ਤਿਆਰ ਕਰਕੇ ਲਿਆਂਦਾ ਗਿਆ। ਸੂਬਾ ਬਲਵਿੰਦਰ ਸਿੰਘ ਨੇ ਚੌਪਈ ਪਾ: 10 ਦੇ ਪਾਠਾਂ ਦੀ ਸਮਾਪਤੀ ਦੀ ਅਰਦਾਸ ਕੀਤੀ। ਇਹ ਪਾਠ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਤੇ ਵਿਸ਼ਵ ਸ਼ਾਂਤੀ ਵਾਸਤੇ ਕੀਤੇ ਗਏ ਹਨ।

**(ਬਾਕੀ ਸਫਾ 6 'ਤੇ)**

## *ਪ੍ਰਕਾਸ਼ ਦਿਵਸ ਤੇ ਵਿਸ਼ੇਸ਼*

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ




(ਭਾਈ ਗੁਰਦਾਸ ਜੀ ਲਿਖਦੇ ਹਨ)

*ਪੰਜ ਪਿਆਲੇ ਪੰਜ ਪੀਰ*
*ਛਟਮ ਪੀਰ ਬੈਠਾ ਗੁਰ ਭਾਰੀ॥*
*ਅਰਜਨ ਕਾਇਆ ਪਲਟ ਕੈ*
*ਮੂਰਤਿ ਹਰਗੋਬਿੰਦ ਸਵਾਰੀ॥*
*ਚੱਲੀ ਪੀੜ੍ਹੀ ਸੋਡੀਆਂ*
*ਰੂਪ ਦਿਖਾਵਣ ਵਾਰੋ ਵਾਰੀ॥*
*ਦਲ ਭੰਜਨ ਗੁਰ ਸੂਰਮਾ*
*ਵਡ ਜੋਧਾ ਬਹੁ ਪ੍ਰਉਪਕਾਰੀ॥*
*ਪੁਛਨ ਸਿੱਖ ਅਰਦਾਸ ਕਰ*
*ਛੇ ਮਹਿਲਾ ਤਕ ਦਰਸੁ ਨਿਹਾਰੀ॥*
*ਅਗਮ ਅਗੋਚਰ ਸਤਿਗੁਰੂ ਬੋਲੇ*
*ਮੁਖ ਤੇ ਸੁਣਹੁ ਸੰਸਾਰੀ॥*
*ਕਲਿਜੁਗ ਪੀੜ੍ਹੀ ਸੋਡੀਆਂ*
*ਨਿਹਚਲ ਨੀਵ ਉਸਾਰ ਖਲ੍ਹਾਰੀ॥*
*ਜੁਗਿ ਜੁਗਿ ਸਤਿਗੁਰ*
*ਧਰੇ ਅਵਤਾਰੀ॥ (ਭਾਈ ਗੁਰਦਾਸ)*

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹਾੜ੍ਹ ਵਦੀ ੬ ਸੰਮਤ ੧੬੫੨ ਬਿਕ੍ਰਮੀ ਮੁਤਾਬਿਕ ੧੪ ਜੂਨ ੧੫੯੫ ਈਸਵੀ ਵਿਚ ਮਾਤਾ ਗੰਗਾ ਜੀ ਤੇ ਪਿਤਾ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਵਡਾਲੇ ਪਿੰਡ ਹੋਇਆ।

ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਦੀ ਗਿਰਫਤਾਰੀ ਕਰਨ ਲਈ ੨੩ ਮਈ ਸੰਨ ੧੬●੬ ਨੂੰ ਹੁਕਮ ਜਾਰੀ ਕੀਤਾ, ਉਸੇ ਵਕਤ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਨੂੰ ਗੁਰਗੱਦੀ ਦੀ ਕਿਰਪਾ ਕਰਕੇ ਸਰਬ ਕਲਾ ਸਮਰਥ ਬਣਾ ਦਿਤਾ ਸੀ। ਉਸ ਵਕਤ ਆਪ ਜੀ ਜੀਵਨ ਦੇ ਗਿਆਰਵੇਂ ਵਰ੍ਹੇ ਵਿਚ ਸਨ। ਮਰਯਾਦਾ ਅਨੁਸਾਰ ਆਪ ਜੀ ਨੂੰ ਉਸ ਵਕਤ ਦੇ ਮਸੰਦਾਂ ਨੇ ਮੰਜੀ ਤੇ ਸੇਲ੍ਹੀ ਟੋਪੀ ਪਾ ਮੱਥਾ ਟੇਕਿਆ। ਸਤਿਗੁਰਾਂ ਬਚਨ ਕੀਤਾ, ਇਹ ਮੰਜੀ ਸ੍ਰੀ ਆਦਿ ਗ੍ਰੰਥ ਸਾਹਿਬ ਲਈ ਵਰਤੋ ਅਤੇ ਇਹ ਸੇਲ੍ਹੀ ਟੋਪੀ ਸਾਧਾਂ ਨੂੰ ਦੇ ਦਿਉ। ਸਾਨੂੰ ਤੇ ਹੁਣ ਧਰਮ ਦੀ ਰੱਖਿਆ ਵਾਸਤੇ ਸ਼ਸਤਰ ਦਿਉ। ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਭੇਟ ਕਰਕੇ ਇਕ ਸੱਜੇ ਤੇ ਦੂਸਰੀ ਖੱਬੇ ਪਹਿਨਾਈਆਂ, ਇਕ ਮੀਰੀ ਦੀ ਤੇ ਦੂਸਰੀ ਪੀਰੀ ਦੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਭਾਵੇਂ ਜੀਵਨ ਕਰਕੇ ਛੋਟੇ ਲੱਗਦੇ ਸਨ ਪਰ ਹਰ ਤਰ੍ਹਾਂ ਨਾਲ ਕਰਨ ਕਾਰਨ ਸਮਰਥ ਸਨ।

ਇਕ ਦਿਨ ਇਹ ਮੀਆਂ ਮੀਰ ਜੀ ਨੂੰ ਮਿਲਣ ਗਏ, ਤਾਂ ਉਹਨਾਂ ਇਹਨਾਂ ਦਾ ਸੁਆਗਤ ਕੀਤਾ ਤੇ ਨਾਲ ਹੀ ਗੁਰੂ ਨਾਨਕ ਦੀ ਗੱਦੀ ਦੀ ਬਹੁਤ ਉਪਮਾ ਕੀਤੀ। ਉਸ ਵਕਤ ਮੀਆਂ ਮੀਰ ਜੀ ਕੋਲ ਕੁਝ ਫਕੀਰ ਬੈਠੇ ਸਨ-ਸ਼ੇਖ ਜਤਨ, ਮੁਹੰਮਦ ਲਹੌਰੀ, ਪੀਰ ਕਲਾਂ, ਇਸਮਾਈਲ ਖਾਂ, ਸ਼ੇਖ ਕਰਮ ਸ਼ਾਹ ਕੁਰੈਸ਼ੀ ਆਦਿ ਸਭ ਨੇ ਸਤਿਗੁਰਾਂ ਨਾਲ ਗੋਸਟ ਕੀਤੀ ਅਤੇ ਬੜੇ ਪ੍ਰਸੰਨ ਹੋਏ। ਕਰਮ ਸ਼ਾਹ ਬੋਲਿਆ ਅੱਛਾ ਹੋਇਆ ਆਪ ਜੀ ਦੇ ਦਰਸ਼ਨ ਹੋ ਗਏ, ਮੈਂ ਆਪਣਾ ਸਰੀਰ ਮੱਕੇ ਜਾਕੇ ਛੱਡਣਾ ਹੈ। ਸਤਿਗੁਰਾਂ ਬਚਨ ਕੀਤਾ ਪਤਾ ਨਹੀਂ ਤੁਸੀਂ ਮੱਕੇ ਜਾਕੇ ਸਰੀਰ ਛੱਡਣਾ ਜਾਂ ਦਿੱਲੀ ਹੀ ਰਹਿ ਜਾਣਾ ਹੈ। ਜਦ ਉਹ ਦਿੱਲੀ ਪਹੁੰਚਿਆ ਤਾਂ ਉਸ ਨੂੰ ਐਵੇਂ ਕਿਸੇ ਝੂਠੇ ਗੁਨਾਹ ਤੋਂ ਫੜ ਕੇ ਦਿੱਲੀ ਤੋਂ ਦੋ ਕੋਹ ਤੇ ਜਾ ਕੇ ਕਤਲ ਕਰ ਦਿੱਤਾ। ਉਹ ਫਕੀਰ ਸੀ ਇਸ ਲਈ ਉਸ ਜਗ੍ਹਾ ਤੇ ਉਸ ਦੀ ਮਾਨਤਾ ਹੁੰਦੀ ਹੈ ਪਰ ਗੁਰਾਂ ਦੇ ਬਚਨਅਟੱਲ ਹਨ।

ਸਮੇਂ ਨੂੰ ਮੁੱਖ ਰਖਦੇ ਹੋਏ ਸਤਿਗੁਰਾਂ ਦਾ ਹੁਕਮ ਸੀ ਕਿ ਸੰਗਤ ਚੰਗੇ ਘੋੜੇ, ਸ਼ਸਤਰ ਲਿਆਵੇ। ਸਤਿਗੁਰਾਂ ਕਿਰਪਾ ਕੀਤੀ ਸਿੱਖ ਸੇਵਾ ਦੇ ਨਾਲ ਨਾਲ ਸ਼ਸਤਰ ਵਿਦਿਆ ਵੀ ਸਿੱਖਣ ਲੱਗੇ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਦ ਢਾਡੀ ਸੂਰਮਗਤੀ ਦੀਆਂ ਵਾਰਾਂ ਪੜ੍ਹਦੇ। ਇਸ ਤਰ੍ਹਾਂ ਕਈ ਸੂਰਮੇ ਗੁਰੂ ਜੀ ਦੀ ਫੌਜ ਵਿੱਚ ਸ਼ਾਮਲ ਹੋ ਗਏ। ਇਸ ਤੋਂ ਪਹਿਲਾਂ ਗੁਰੂ ਘਰ ਕੀਰਤਨ ਹੀ ਹੁੰਦਾ ਸੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਜੋਸ਼ੀਲੀਆਂ ਵਾਰਾਂ ਸ਼ੁਰੂ ਹੋਈਆਂ। ਪਹਿਲਾਂ ਸਾਰੇ ਗੁਰੂ ਸਾਹਿਬ ਸ਼ਾਂਤਮਈ ਨਾਲ ਸਭ ਸਹਿੰਦੇ ਰਹੇ ਪਰ ਇਹਨਾਂ ਸਤਿਗੁਰਾਂ ਨੇ ਸ਼ਾਂਤਮਈ ਨੂੰ ਪਲਟਾਇਆ ,ਭਗਤੀ ਸੇਵਾ ਨਾਲ ਸਿੱਖਾਂ ਵਿਚ ਜੋਸ਼ ਲਿਆਂਦਾ। ਸਮੇਂ ਦਾ ਮਾਲਕ ਸਭ ਜਾਣਦਾ ਹੈ ਕਿਸ ਵਿਚ ਜਗ ਦਾ ਭਲਾ ਹੈ। ਗੁਰੂ ਜੀ ਨਾਲ ੫੨ ਚੋਣਵੇਂ ਯੋਧੇ ਹਰ ਸਮੇਂ ਨਾਲ ਰਹਿੰਦੇ ਸਨ। ਸਤਿਗੁਰਾਂ ਦਾ ਇਹ ਫੁਰਮਾਨ ਸਿੱਖਾਂ ਲਈ ਨਵਾਂ ਸੀ। ਇਸ ਲਈ ਛੋਟੀ ਬੁੱਧੀ ਵਾਲਿਆਂ ਨੂੰ ਚੰਗਾ ਨਹੀਂ ਸੀ ਲੱਗਦਾ। ਏਸੇ ਲਈ ਤਾਂ ਗੁਰੂ ਨਾਨਕ ਦੇਵ ਜੀ ਨੇ ਲੜੀਬੱਧ ਗੁਰੂ ਥਾਪਣ ਦੀ ਪ੍ਰੰਪਰਾ ਤੋਰੀ ਸੀ। ਇਹਨਾਂ ਹੁਕਮਾਂ ਦੇ ਨਾਲ ਨਾਲ ਸੰਮਤ ੧੬੬੬ ਬਿ. ਸੰਨ ੧੬●੬ ਈ. ਵਿਚ ਗੁਰੂ ਜੀ ਨੇ ਕਿਲਾ (ਲੋਹਗੜ੍ਹ ਅੰਮ੍ਰਿਤਸਰ) ਬਨਾਉਣਾ ਸ਼ੁਰੂ ਕਰ ਦਿੱਤਾ। ਹਰਿਮੰਦਰ ਦੇ ਸਾਹਮਣੇ ੧੨ ਫੁੱਟ ਉੱਚਾ ਅਕਾਲ ਤਖਤ ਬਣਵਾਇਆ। ਉਸ ਸਮੇਂ ਨਿੱਜੀ ਥੜ੍ਹੇ ਬਣਾਉਣ ਦੀ ਮਨਾਹੀ ਸੀ। ਬਿਆਸ ਦਰਿਆ ਦੇ ਕੰਢੇ ਹਰਿਗੋਬਿੰਦਪੁਰ ਨਗਰ ਵਸਾਇਆ। ਸਤਿਗੁਰਾਂ ਇਸ ਤਰ੍ਹਾਂ ਧਰਮ ਅਨੁਸਾਰ ਰਾਜਨੀਤੀ ਚਲਾਉਣਾ ਅਤੇ ਮੁਗਲ ਹਕੂਮਤ ਨੂੰ ਵੰਗਾਰਨਾ ਸੀ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਇਤਿਹਾਸ ਵਿਚ ਤਿੰਨ ਵਿਆਹ ਦੱਸੇ ਹਨ। ਪਹਿਲਾ ਵਿਆਹ ਗੁਰੂ ਅਰਜਨ ਦੇਵ ਜੀ ਨੇ ਆਪ ਡੱਲੇ ਨਗਰ ਨਿਵਾਸੀ ਭਾਈ ਨਰੈਣ ਦਾਸ ਖੱਤਰੀ ਦੀ ਬੇਟੀ ਦਮੋਦਰੀ ਜੀ ਨਾਲ ਕੀਤਾ। ਦੂਸਰਾ

**(ਬਾਕੀ ਸਫਾ 4 'ਤੇ)**

## ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

# ਸਾਰਾ ਇਲਾਕਾ ਨਸ਼ਾ ਮੁਕਤ ਕਰੀਏ



*ਜਦੋਂ ਹਿੰਦੁਸਤਾਨ ਦੀ ਵੰਡ ਹੋਈ ਅਤੇ ਰਾਜਿਆਂ ਦੇ ਰਾਜ ਖਤਮ ਹੋ ਰਹੇ ਸਨ। ਉਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਸਿੰਘਾਂ ਲਈ ਸ੍ਰੀ ਜੀਵਨ ਨਗਰ ਇਲਾਕੇ ਦੀ ਇਕ ਰਿਆਸਤ ਕਾਇਮ ਕੀਤੀ, ਉਹ ਵੀ ਉਦੋਂ ਜਦੋਂ ਰਿਆਸਤਾਂ ਖਤਮ ਹੋ ਗਈਆਂ ਸਨ, ਉਦੋਂ ਸਤਿਗੁਰੂ ਜੀ ਨੇ ਇਹ ਕਾਮਨਾ ਕੀਤੀ ਕਿ ਇਹ ਇਕ ਨਾਮਧਾਰੀ ਸਿੰਘਾਂ ਦਾ ਇਲਾਕਾ ਬਣੇ। ਜਿਥੇ ਨਸ਼ਾ ਨਾ ਹੋਵੇ, ਜਿਥੇ ਮਾਸ ਨਾ ਵਿਕੇ, ਉਸ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਇਕ ਵਾਰੀ ਯਾਦ ਕਰੀਏ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ।*

*ਉਸ ਆਪਣੇ ਪਿਤਾ ਸਤਿਗੁਰੂ ਦੇ ਪਾਏ ਹੋਏ ਪੂਰਨਿਆਂ ਤੇ ਜਿਸ ਸੱਚੇ ਪਾਤਸ਼ਾਹ ਨੇ ਇਸ ਇਲਾਕੇ ਨੂੰ ਆਪਣੇ ਪਿਆਰ ਨਾਲ ਤੋਰਿਆ, ਆਪਾਂ ਸਾਰਿਆਂ ਨੂੰ ਮਾਤਾ ਪਿਤਾ ਵਰਗਾ ਪਿਆਰ ਬਖਸ਼ਿਆ, ਅਸੀਂ ਆਪਣੇ ਹਰ ਸੁਖ ਵਾਸਤੇ ਆਪਣੀ ਹਰ ਲੋੜ ਵਾਸਤੇ ਜਿਸ ਸਤਿਗੁਰੂ ਦੇ ਲੜ ਲਗੇ ਉਨ੍ਹਾਂ ਨੂੰ ਯਾਦ ਕਰਕੇ ਇਕ ਵਾਰੀ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।*

*ਮੈਂ ਸ਼ੁਰੂ ਵਿਚ ਜਦੋਂ ਤੋਂ ਇਸ ਇਲਾਕੇ ਵਿਚ ਆਉਣ ਲੱਗਾ, ਜਦੋਂ ਤੋਂ ਮੈਨੂੰ ਇਹ ਸੇਵਾ ਮਿਲੀ ਏ ਸਾਡੇ ਤਿੰਨ ਸਾਲ ਤੋਂ (15 ਦਸੰਬਰ 2012 ਈ.) ਇਹ ਗਲਾਂ ਕਰਨੀਆਂ ਸ਼ੁਰੂ ਕੀਤੀਆਂ ਸਨ ਕਿ ਨਸ਼ਾ ਇਲਾਕੇ ਵਿਚੋਂ ਹਟਣਾ ਚਾਹੀਦਾ ਏ। ਕਿਉਂਕਿ ਅਸੀਂ ਵੇਖਦੇ ਸੀ ਬਹੁਤ ਸਾਰੇ ਨੌਜਵਾਨਾਂ ਦੇ ਚੇਹਰਿਆਂ ਤੇ ਨੂਰ ਨਹੀਂ ਸੀ। ਤੁਹਾਨੂੰ ਮੇਰੇ ਨਾਲੋਂ ਜ਼ਿਆਦਾ ਪਤਾ ਲਗ ਜਾਂਦਾ ਹੋਏਗਾ, ਬਹੁਤਿਆਂ ਦੇ ਚੇਹਰਿਆਂ ਨੂੰ ਵੇਖ ਕੇ ਲਗਦੈ ਕਿ ਇਹ ਮੁੰਡਾ ਨਸ਼ਾ ਕਰਦਾ ਹੈ। ਦੀਦਾਰ ਸਿੰਘ ਸਾਡੇ ਕੋਲ ਹਾਕੀ ਦਾ ਕੋਚ ਹੁੰਦਾ ਉਹਨੇ ਮੈਨੂੰ ਆਖਣਾ ਵੇਖ ਲਿਆ ਜੇ ਇਹ ਓਲੰਪਿਕ ਖੇਡਦੇ ਨੇ।*

*ਓਲੰਪਿਕ ਖੇਡਣ ਦਾ ਸਾਡਾ ਮਖੌਲ ਬਣ ਗਿਆ ਕਿ ਨਸ਼ਾ ਕੌਣ ਜ਼ਿਆਦਾ ਕਰਦੈ ਉਹਨੇ ਹੱਸਣਾ ਕਿ ਇਹ ਓਲੰਪਿਕ ਖੇਡ ਕੇ ਆਏ ਨੇ। ਇਹ ਵੇਖ ਕੇ ਬੜਾ ਦੁਖ ਵੀ ਹੋਣਾ ਫਿਰ ਇਸ ਚੀਜ਼ ਦਾ ਦੁਖ ਹੈਗਾ ਵੀ ਏ।*

*ਜਿਸ ਇਲਾਕੇ ਨੂੰ ਸਤਿਗੁਰੂ ਸਚੇ ਪਾਤਸ਼ਾਹ ਨੇ ਵਸਾਇਆ ਹੈ ਅਸੀਂ ਆਪਣੇ ਲਾਲਚ ਕਰਕੇ, ਸਾਡੇ ਆਪਣੇ ਹੀ ਮੁੰਡੇ, ਸਾਡੇ ਆਪਣੇ ਹੀ ਬੰਦੇ ਨਸ਼ਾ ਵੇਚਣ, ਅਸੀਂ ਨੁਕਸਾਨ ਤਾਂ ਆਪਣਾ ਹੀ ਕਰਦੇ ਹਾਂ। ਕਿਸੇ ਨੇ ਗਲ ਕੀਤੀ ਸੀ ਕਿ ਸਾਡਾ, ਤੁਹਾਡਾ ਸਾਰਿਆਂ ਤੋਂ ਵੱਡਾ ਧਨ ਸਾਡੇ ਤੁਹਾਡੇ ਬੱਚੇ ਨੇ। ਜੇ ਤੁਸੀਂ ਆਪਣੇ ਥੋੜੇ ਜਿਹੇ ਲਾਲਚ ਵਾਸਤੇ ਇਥੇ ਸ਼ਰਾਬ ਵੇਚਦੇ ਹੋ, ਨਸ਼ਾ ਵੇਚਦੇ ਹੋ ਉਹ ਠੀਕ ਹੈ ਕਿ ਤੁਸੀਂ ਪੈਸੇ ਕਮਾ ਲਵੋਗੇ। ਤੁਹਾਡਾ ਸਭ ਤੋਂ ਵੱਡਾ ਧੰਨ ਤੁਹਾਡੇ ਬੱਚਿਆਂ ਦਾ ਕਿੰਨਾ ਵੱਡਾ ਨੁਕਸਾਨ ਹੋ ਰਿਹਾ ਹੈ। ਉਹ ਤੁਹਾਡੀ ਜ਼ਮੀਨ ਨਾਲੋਂ ਵੀ ਵਡੀ ਦੌਲਤ ਹੈ। ਸਾਨੂੰ ਆਪਣੇ ਬੱਚਿਆਂ ਵਾਸਤੇ ਤਾਂ ਇਹੋ ਜਿਹੇ ਨੀਵੇਂ ਕੰਮ ਨਹੀਂ ਕਰਨੇ ਚਾਹੀਦੇ। ਸਾਨੂੰ ਇਸ ਚੀਜ਼ ਦੀ ਜ਼ਰੂਰ ਸੰਗ ਆਉਣੀ ਚਾਹੀਦੀ ਏ। ਜੋ ਇਲਾਕਾ ਸਤਿਗੁਰੂ ਸੱਚੇ ਪਾਤਸ਼ਾਹ ਨੇ ਵਸਾਇਆ ਹੈ ਅਸੀਂ ਉਸ ਇਲਾਕੇ ਦਾ ਇਸ ਤਰ੍ਹਾਂ ਨੁਕਸਾਨ ਕਰੀਏ, ਅਸੀਂ ਦੂਜਿਆਂ ਨੂੰ ਕੀ ਆਖਾਂਗੇ।*

*ਇਕ ਗਲ ਬੂਟਾ ਸਿੰਘ ਹੁਰਾਂ ਬਹੁਤ ਵਧੀਆ ਕੀਤੀ ਕਿ ਸਾਰਿਆਂ ਤੋਂ ਪਹਿਲਾਂ ਅਸੀਂ ਆਪਣੇ ਧਰਮ ਤੋਂ ਸ਼ੁਰੂ ਕਰੀਏ ਉਹ ਇਕ ਅੰਗਰੇਜ਼ੀ ਦੀ ਕਹਾਵਤ ਏ ਕਿ* ***Charity Start at Home*** *(ਚੰਗਾ ਕੰਮ ਘਰ ਤੋਂ ਹੀ ਸ਼ੁਰੂ ਹੁੰਦਾ ਹੈ)*

*ਕਈ ਜਣੇ ਤੁਸੀਂ ਮੇਰੇ ਕੋਲ ਆਉਂਦੇ ਹੋ, ਮੇਰੇ ਨਾਲ ਵੀ ਤੁਰਦੇ ਹੋ, ਬੈਠਦੇ ਹੋ ਪਰ ਆਪਣੇ ਬੱਚਿਆਂ ਦਾ ਨੁਕਸਾਨ ਕਰ ਚੁਕੇ ਹੋ। ਉਹ ਬੱਚੇ ਤੁਹਾਡੇ ਸ਼ਰਾਬ ਪੀਂਦੇ ਨੇ, ਨਸ਼ਾ ਕਰਦੇ ਨੇ। ਸਾਨੂੰ ਸੰਗਣ ਦੀ ਲੋੜ ਨਹੀਂ ਜੇਹੜੇ ਤੁਹਾਡੇ ਆਖਿਆਂ ਨਹੀਂ ਹਟਦੇ ਮੈਨੂੰ ਦਸੋ। ਕਿਸੇ ਹੋਰ ਵੀਰ ਨੂੰ ਦਸੋ ਕਿ ਤੂੰ ਮੇਰਿਆਂ ਬੱਚਿਆਂ ਨੂੰ ਸਮਝਾ। ਇਸ ਚੀਜ਼ ਨੂੰ ਲੁਕਾਓ ਨਾ। ਕਈ ਵਾਰੀ ਅਸੀਂ ਲੁਕਾਉਂਦਿਆਂ ਲੁਕਾਉਂਦਿਆਂ ਵਧ ਨੁਕਸਾਨ ਕਰ ਬੈਠਦੇ ਹਾਂ। ਸਾਰੀ ਦੁਨੀਆਂ ਨੂੰ ਪਤਾ ਹੁੰਦਾ ਹੈ ਕਿ ਸਾਡਾ ਬੱਚਾ ਨਸ਼ਾ ਕਰਦਾ ਹੈ, ਸ਼ਰਾਬ ਪੀਂਦਾ ਹੈ ਪਰ ਅਸੀਂ ਆਪਣੇ ਆਪ ਨੂੰ ਇਹ ਸਮਝੀ ਬੈਠੇ ਹੋਈਏ ਕਿ ਕਿਸੇ ਨੂੰ ਪਤਾ ਨਹੀਂ ਮੈਨੂੰ ਕੱਲੇ ਨੂੰ ਹੀ ਪਤਾ ਹੈ। ਸੀਚੂਏਸ਼ਨ (ਹਾਲਤ) ਇਹ ਆ ਜਾਂਦੀ ਏ ਉਹ ਇਹ ਭੈੜੀ ਆਦਤ ਬਣ ਜਾਂਦੀ ਏ। ਫਿਰ ਉਹ ਇਸ ਬਚੇ ਨੂੰ ਹਟਾਣਾ ਬਹੁਤ ਮੁਸ਼ਕਿਲ ਏ। ਮੈਂ ਇਕ ਮਿਸਾਲ ਦਿਆਂ ਕਿ ਜਿੰਨੇ ਮੇਰੇ ਕੋਲ ਅਰਜ਼ਾਂ ਕਰਨ ਆਉਂਦੇ ਨੇ ਕਿ ਸਾਡਾ ਬੱਚਾ ਆਈਲਟਸ ਕਰ ਲਏ ਉਸ ਤੋਂ ਘਟ ਮੇਰੇ ਕੋਲ ਆਉਂਦੇ ਨੇ ਕਿ ਸਾਡਾ ਬਚਾ ਨਸ਼ਾ ਛੱਡ ਦੇਵੇ। ਜੇ ਤੁਸੀਂ ਇਸ ਚੀਜ਼ ਨੂੰ ਵੀ ਇਨ੍ਹਾਂ ਜ਼ਰੂਰੀ ਸਮਝਦੇ ਹੋ ਕਿ ਸਾਡਾ ਬਚਾ ਕਾਮਯਾਬ ਹੋਵੇ, ਸਾਡਾ ਬੱਚਾ ਬਾਹਰ ਚਲਿਆ ਜਾਵੇ ਤੇ ਤੁਸੀਂ ਇਹ ਵੀ ਜ਼ਰੂਰੀ ਸਮਝੋ ਕਿ ਸਾਡਾ ਬਚਾ ਮਾਸ ਨਾ ਖਾਵੇ, ਸਾਡਾ ਬਚਾ ਸ਼ਰਾਬ ਨਾ ਪੀਵੇ ਅਤੇ ਹੋਰ ਕੋਈ ਨਸ਼ਾ ਨਾ ਕਰੇ। ਸਾਡਾ ਬਚਾ ਸਿੱਖ ਬਣੇ, ਸਾਡਾ ਬੱਚਾ ਕੋਈ ਨਸ਼ਾ ਨਾ ਵੇਚੇ। ਇਹ ਵੀ ਸੋਚ ਲਈਏ ਕਿ ਜੇਕਰ ਸਾਡਾ ਇਲਾਕਾ ਨਸ਼ਾ ਮੁਕਤ ਹੋ ਜਾਂਦਾ ਹੈ ਤੇ ਸਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਇਥੇ ਹੋਰ ਕਿੰਨੀ ਬਰਕਤ ਪਵੇਗੀ। ਆਪਾਂ ਉਹਨਾਂ ਦਾ ਹੁਕਮ ਮੰਨ ਕੇ ਤਾਂ ਵੇਖੀਏ। ਆਪਾਂ ਇਹ ਵੀ ਤਜ਼ਰਬਾ ਕਰ ਲਈਏ ਕਿ ਜੇ ਅਸੀਂ ਉਹਨਾਂ ਦਾ ਹੁਕਮ ਮਨ ਲਈਏ, ਅਸੀਂ ਉਹਨਾਂ ਚੀਜ਼ਾਂ ਵਿਚੋਂ ਨਿਕਲ ਆਈਏ ਤੇ ਅਸੀਂ ਉਹਨਾਂ ਦਾ ਹੁਕਮ ਮਨ ਕੇ ਨਾਮ ਸਿਮਰਨ ਕਰੀਏ, ਉਹਨਾਂ ਦਾ ਹੁਕਮ ਮੰਨ ਕੇ ਸਵੇਰੇ ਉਠ ਕੇ ਇਸ਼ਨਾਨ ਪਾਣੀ ਕਰੀਏ ਤਾਂ ਇਸਦਾ ਕੋਈ ਮੁਕਾਬਲਾ ਨਹੀਂ।*

*ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦਾ ਹੁਕਮ ਏ, ਕਿ ਤੁਸੀਂ ਮੇਰੇ ਆਖਿਆਂ ਨਾਮ ਜਪ ਕੇ ਤੇ ਵੇਖੋ, ਇਕ ਵਾਰੀ ਜਪ ਕੇ ਤਾਂ ਵੇਖੋ ਜੇ ਤੁਹਾਨੂੰ ਨਾ ਫਾਇਦਾ ਹੋਇਆ ਤਾਂ ਆਖ ਦਿਆ ਜੇ। ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਸਦਾ-ਸਦਾ ਹੀ ਪੂਰਾ ਹੁੰਦਾ ਏ ਅਤੇ ਨਸ਼ਿਆਂ ਨਾਲ ਕਿੰਨੇ ਨੁਕਸਾਨ ਹੋ ਰਹੇ ਨੇ ਜੇ ਤੁਸੀਂ ਆਪ ਸੋਚੋ ਤਾਂ ਆਪੇ ਪਤਾ ਲਗ ਜਾਂਦੈ ਜਦੋਂ ਨਸ਼ੇ ਦੀ ਘਾਟ ਆਉਂਦੀ ਏ ਫਿਰ ਚੋਰੀ ਹੁੰਦੀ ਏ। ਜਦੋਂ ਨਸ਼ਾ ਖਾਣ ਲਈ ਪੈਸਾ ਨਹੀਂ ਮਿਲਦਾ ਉਦੋਂ ਕੋਈ ਨਾ ਕੋਈ ਸ਼ਰਾਰਤ ਹੁੰਦੀ ਏ। ਜਦੋਂ ਕੋਈ ਸ਼ਰਾਰਤ ਹੁੰਦੀ ਏ ਤਾਂ ਉਹਦੇ ਵਿਚ ਕਤਲ ਹੁੰਦੇ ਨੇ। ਜਦੋਂ ਕਤਲ ਹੁੰਦੇ ਨੇ ਤਾਂ ਉਹਦੇ ਵਿਚ ਘਟੋ ਘੱਟ ਜੇਲ ਹੁੰਦੀ ਏ। ਇਕ ਸਾਰਾ ਬੜਾ ਸਰਕਲ ਬਣਿਆ ਏ। ਜਿਥੋਂ ਬੁਰਿਆਈ ਸ਼ੁਰੂ ਹੁੰਦੀ ਏ ਆਪਾਂ ਸਮਝਦੇ ਨਹੀਂ ਇਹ ਸ਼ਰਾਬ ਵੇਚ ਲਈ, ਕੋਈ ਹੋਰ ਨਸ਼ਾ ਵੇਚ ਲਿਆ, ਭਾਵੇਂ ਚੋਰੀ ਵੇਚ ਲਿਆ ਇਹਦਾ ਕੀ ਨੁਕਸਾਨ ਹੋ ਗਿਆ। ਜੇ ਤੁਸੀਂ ਇਸ ਪਾਪ ਦੀ ਕਮਾਈ ਵਿਚੋਂ ਚਾਰ ਪੈਸੇ ਕਮਾ ਵੀ ਲਏ ਤਾਂ ਕਿ ਇਸ ਨਾਲ ਤੁਸੀਂ ਆਪਣਾ ਆਪਣੇ ਇਲਾਕੇ ਦਾ, ਆਪਣੇ ਬੱਚਿਆਂ ਦਾ ਬੇੜਾ ਗਰਕ ਕਰਨਾ ਏ। ਸਭ ਤੋਂ ਵਡੀ ਗਲ ਇਹ ਹੈ ਕਿ ਜਦੋਂ ਅਸੀਂ ਸਤਿਗੁਰੂ ਸਚੇ ਪਾਤਸ਼ਾਹ ਦਾ ਹੁਕਮ ਮੰਨਦੇ ਹਾਂ ਜਿਹੜੀ ਉਹ ਸਿਖੀ ਏ ਜਿਹੜੇ ਉਹ ਪੂਰਨੇ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਪਾ ਗਏ ਨੇ ਸਾਡੇ ਭਲੇ ਵਾਸਤੇ ਹੀ ਪਾਏ ਨੇ, ਕਿਸੇ ਹੋਰ ਵਾਸਤੇ ਨਹੀਂ। ਹੁਣ ਵੀ ਜਦੋਂ ਚਾਰ ਜਣੇ ਅਗੇ ਲੱਗਣ ਅਸੀਂ ਤਗੜੇ ਹੋ ਕੇ ਇਹ ਆਖੀਏ ਕਿ ਦੂਜੇ ਵੀ ਨਸ਼ਾ ਦੂਰ ਕਰਨ। ਮੈਂ ਉਹਨਾਂ ਦੇ ਨਾਲ ਲਗਣ ਦੇ ਬਹੁਤ ਧੰਨਵਾਦੀ ਹਾਂ।*

*ਤੁਸੀਂ ਮਜ਼੍ਹਬੀ ਸਿਖਾਂ ਅਗੇ ਹੋ ਕੇ ਸੇਵਾ ਕੀਤੀ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ। ਇਸ ਤਰ੍ਹਾਂ ਹੀ ਤੁਸੀਂ ਨਾਲ ਲਗੇ ਰਹਿਓ। ਤੁਹਾਡੀ ਸਾਦਗੀ ਦੀ ਲੋੜ ਹੈ ਤੇ ਕੋਈ ਵੀ ਉਹਨਾਂ ਦਾ ਵਿਰੋਧਤਾ ਨਾ ਕਰੇ।*

*ਕੋਈ ਇਹ ਮਨ ਵਿਚ ਨਾ ਆਵੇ ਕਿ ਇਹ ਕੀ ਹੋ ਗਿਆ ਪੂਰਨ ਸਿੰਘ ਅਗੇ ਲਗ ਗਿਆ। ਆਪਾਂ ਇਹ ਨਹੀਂ ਵੇਖਣਾ ਇਹ ਤਾਂ ਸੇਵਾ ਏ। ਇਹਦੇ ਵਿਚ ਕੋਈ ਨੇਤਾਗਿਰੀ ਨਹੀਂ, ਕੋਈ ਚੌਧਰ ਨਹੀਂ ਇਹ ਤਾਂ ਇਕ ਸੇਵਾ ਏ। ਇਹਦੇ ਵਿਚ ਕੋਈ ਸ਼ਕ ਨਹੀਂ ਕਿ ਜਿਹੜਾ ਕੰਮ ਸ਼ੁਰੂ ਕੀਤਾ ਹੈ ਉਹਦੇ ਵਿਚ ਬਹੁਤ ਵਡਾ ਉਦਮ ਪੂਰਨ ਸਿੰਘ ਦਾ ਹੈ। ਤੁਸੀਂ ਸਾਰਿਆਂ ਨੇ ਬੜਾ ਸਾਥ ਦਿਤਾ ਏ ਪਰ ਬਹੁਤ ਵਡਾ ਉਦਮ ਆਖਿਆ ਜਾਂਦਾ ਏ ਪੂਰਨ ਸਿੰਘ ਦਾ ਏ। ਇਹ ਮੁਖ ਸੇਵਕ ਨਸ਼ਾ ਮੁਕਤੀ ਦਾ ਹੈ ਤੇ ਧਰਮ ਪ੍ਰਚਾਰ ਕਮੇਟੀ ਬਾਕੀ ਹੋਰ ਜਿਹੜੇ ਜਿਹੜੇ ਵੀਰ ਜ਼ਰੂਰਤ ਸਮਝਦੇ ਹੋਣ ਉਹਨਾਂ ਨੂੰ ਨਾਲ ਲਾ ਲੈਣ ਤਾਂ ਤਗੜੇ ਹੋ ਕੇ ਸੇਵਾ ਕਰਨ। ਤੇ ਤੁਸੀਂ ਸਾਰੇ ਇਥੇ ਸਾਥ ਦਿਓ ਕਿ ਕਿਸੇ ਨੇ ਆਖਿਆ ਸੀ ਕਿ ਇਹ ਨਸ਼ਾ ਮੁਕਤ ਪਿੰਡ ਏ, ਆਪਾਂ ਨਸ਼ਾ ਮੁਕਤ ਪਿੰਡ ਦੀ ਗਲ ਨਾ ਕਰੀਏ। ਆਪਾਂ ਘੱਟ ਤੋਂ ਘੱਟ ਨਸ਼ਾ ਮੁਕਤ ਇਲਾਕੇ ਤੋਂ ਸ਼ੁਰੂ ਕਰੀਏ।*

*ਬੂਟਾ ਸਿੰਘ ਹੁਰਾਂ ਗਲ ਕੀਤੀ ਸੀ ਕਿ ਰਾਣੀਆਂ ਨੂੰ ਅਸੀਂ ਨਾਲ ਲਈਏ। ਹਾਂ ਜ਼ਰੂਰ ਅਸੀਂ ਰਾਣੀਆਂ ਨੂੰ ਨਾਲ ਲਈਏ ਪੂਰਨ ਸਿੰਘ ਹੋਰਾਂ ਮੇਰੇ ਨਾਲ ਗਲ ਕੀਤੀ ਸੀ ਕਿ ਜਿਹੜੀ ਅਸੀਂ ਦਰਖਾਸਤ ਦੇਂਦੇ ਹਾਂ ਅਸੀਂ ਕਰੀਵਾਲੇ ਦੀ ਵੀ ਗਲ ਕਰੀਏ ਅਤੇ ਉਹ ਕਰੀਵਾਲੇ ਵੀ ਵੇਖ ਲੈਣ ਤਗੜੇ ਹੋ ਕੇ ਗੱਲ ਅਗੇ ਲੈਣ। ਗਲ ਕਰਦਿਆਂ ਡਰ ਲਗਦੈ ਕਿ ਪੀਣ ਵਾਲੇ, ਖਾਣ ਵਾਲੇ, ਜ਼ਿਆਦਾ ਹੋ ਜਾਣ ਉਥੇ ਜਿਹੜੀ ਸਾਡੀ ਮੁਹਿੰਮ ਏ ਉਹਦਾ ਕੀ ਬਣੇਗਾ। ਪਰ ਤਗੜੇ ਹੋ ਕੇ ਉਹ ਵੀ ਨਾਲ ਲਗਣ ਤਾਂਕਿ ਇਹ ਨਸ਼ਾ ਮੁਕਤ ਇਲਾਕਾ ਬਣ ਜਾਵੇ। ਇਹ ਮਿਸ਼ਾਲ ਇਥੇ ਕਾਇਮ ਕਰਾਂਗੇ ਤਾਂ ਇਹ ਸਾਰੇ ਹਰਿਆਣੇ ਵਾਸਤੇ ਉਦਾਹਰਣ ਬਣੇਗਾ। ਇਹ ਬਾਕੀ ਸਟੇਟ ਵਿਚ ਲਾਗੂ ਕੀਤਾ ਜਾਏਗਾ।*

*ਸਾਡਾ ਮੁੱਖ ਮੰਤਰੀ ਬਹੁਤ ਧਾਰਮਿਕ ਬੰਦਾ ਏ ਮੈਂ ਉਹਨੂੰ ਮਿਲਿਆ ਹਾਂ ਉਸ ਇਨਸ਼ਾਨ ਨੂੰ ਮਿਲ ਕੇ ਖੁਸ਼ੀ ਹੁੰਦੀ ਏ ਕਿ ਉਹ ਬਹੁਤ ਧਾਰਮਿਕ ਨੇ ਤੇ ਸਾਡੀ ਵਡੀ ਸਾਂਝ ਆਰ. ਐਸ. ਐਸ. ਤੇ ਬੀ. ਜੇ. ਪੀ. ਨਾਲ ਸਿਆਸੀ ਗਲਾਂ ਨਾਲੋਂ ਵਖਰੀ ਏ। ਉਹ ਏ ਗਊ ਰਖਿਆ। ਗਊ ਰਖਿਆ ਦਾ ਜੋ ਬੀੜਾ ਨਾਮਧਾਰੀਆਂ ਨੇ ਚੁਕਿਆ ਇਸ ਗਲ ਕਰਕੇ ਸਤਿਗੁਰੂ ਰਾਮ ਸਿੰਘ ਸਚੇ ਪਾਤਸ਼ਾਹ ਨੂੰ ਵਿਦੇਸ਼ ਜਾਣਾ ਪਿਆ। ਉਸ ਵਿਚ ਸਾਡਾ ਸਾਥ ਸੰਘ ਵਾਲਿਆਂ ਨੇ, ਵਿਸ਼ਵ ਹਿੰਦੂ ਪਰਿਸ਼ਦ ਵਾਲਿਆਂ ਨੇ ਦਿਤਾ ਹੈ। ਉਹ ਸਾਡੀ ਸਾਂਝ ਸਤਿਗੁਰੂ ਪ੍ਰਤਾਪ ਸਿੰਘ ਸਚੇ ਪਾਤਸ਼ਾਹ ਨਾਲ ਰਹੀ ਏ ਨਾਲ ਉਹਨਾਂ ਬਹੁਤ ਵਡਾ ਉਦਮ ਕੀਤਾ ਕੁਝ ਉਹਨਾਂ ਸਟੇਟਾਂ ਵਿਚ ਜੋ ਕੁਝ ਕੋਈ ਸੋਚ ਨਹੀਂ ਸੀ ਸਕਦਾ ਕਿ ਗਊ ਮਾਰਨੀ ਬੰਦ ਕੀਤੀ ਜਾਏਗੀ ਜਿਸ ਤਰ੍ਹਾਂ ਕਿ ਮਹਾਰਾਸਟਰ ਵਿਚ ਉਥੇ ਉਹਨਾਂ ਦੀ ਸਰਕਾਰ ਨੇ ਬੜੇ ਤਗੜੇ ਹੋ ਕੇ ਗਊ ਮਾਰਨੀ ਬੰਦੀ ਕੀਤੀ। ਹੋਰ ਗਊ ਮਾਰਨ ਵਾਸਤੇ ਬੁਚੜ ਲੈ ਕੇ ਵੀ ਨਹੀਂ ਜਾ ਸਕਦੇ ਉਹਨਾਂ ਦੀ ਉਥੇ ਇਕ ਵਡੀ ਮੁਹਿੰਮ ਛਿੜੀ ਹੋਈ ਹੈ। ਇਸ ਕਰਕੇ ਇਸ ਵਿਚ, ਇਸ ਧਰਮ ਵਿਚ ਸਾਡਾ ਤੇ ਉਹਨਾਂ ਦਾ ਸਾਥ ਵੀ ਏ ਕਿਉਂਕਿ ਉਹ ਇਸ ਧਰਮ ਨੂੰ ਮੰਨਣ ਵਾਲੀ ਸਰਕਾਰ ਏ, ਸਾਡੀ ਉਹ ਇਸ ਗਲ ਵਿਚ ਜ਼ਰੂਰ ਮਦਦ ਕਰਨਗੇ। ਹੋਰ ਅਜ ਇਸ ਗਲ ਦੀ ਖੁਸ਼ੀ ਵੀ ਹੋਈ ਏ ਐਸ. ਡੀ. ਐਮ. ਵੀ ਆਏ ਨੇ, ਐਸ ਐਚ. ਓ. (ਰਾਣੀਆ) ਵੀ ਆਏ ਨੇ। ਉਹ ਆਖਦੇ ਨੇ ਕਿ ਸਾਡੀ ਮਦਦ ਕਰੋ ਨਸ਼ਾ ਰੋਕਣ ਵਿਚ। ਤੇ ਕਈ ਵਾਰੀ ਇਹ ਸਥਿਤੀ ਹੁੰਦੀ ਸੀ ਕਿ ਸਾਡਾ ਹੀ ਬੱਚਾ ਨਸ਼ਾ ਵੇਚਦਾ ਫੜਿਆ ਜਾਂਦਾ ਸੀ। ਮੈਨੂੰ ਕਹਿੰਦੇ ਸੀ ਕਿ ਤੁਸੀਂ ਐਸ. ਐਸ. ਪੀ. ਨੂੰ ਜਾਂ ਡੀ. ਐਸ. ਪੀ. ਨੂੰ ਫੋਨ ਕਰੋ ਕਿ ਉਹਨੂੰ ਛੱਡ ਦੇਣ। ਮੈਨੂੰ ਵੀ ਉਹਨਾਂ ਨੂੰ ਫੋਨ ਕਰਨਾ ਬੜਾ ਔਖਾ ਹੁੰਦਾ ਸੀ। ਪਰ ਇਹ ਗਲ ਕਹਿ ਦੇਈਏ ਸਾਡੇ ਰਹਿਉ ਜੇ ਉਹ ਜ਼ਰੂਰ ਸਾਡੇ ਰਹਿਣਗੇ, ਅਸੀਂ ਉਹਨਾਂ ਨੂੰ ਜ਼ੋਰ ਨਾਲ ਵੀ ਕਹਾਂਗੇ ਕਿ ਤੁਸੀਂ ਸਾਡੀ ਇਸ ਗਲ ਵਿਚ ਮਦਦ ਕਰੋ। ਇਹ ਸਾਡਾ ਹਕ ਏ, ਇਹ ਵੀ ਇਥੇ ਇਸ ਕਰਕੇ ਬੈਠੇ ਨੇ ਜਿਹਨਾਂ ਦੀ ਇਥੇ ਸੇਵਾ ਏ, ਆਪਾਂ ਸਾਰੇ ਤਗੜੇ ਹੋ ਕੇ ਇਸ ਪਾਸੇ ਲਗੀਏ। ਇਸ ਇਲਾਕੇ ਨੂੰ ਅਸੀਂ ਪੂਰਨ ਰੂਪ ਦੇਈਏ। ਜਿਸ ਇਲਾਕੇ ਦਾ ਸੁਪਨਾ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਲਿਆ ਸੀ ਉਹ ਕਿਰਪਾ ਕਰਨ ਸਾਡੇ ਸਿਰਾਂ ਤੇ ਮਿਹਰ ਭਰਿਆ ਹੱਥ ਰੱਖਣ। ਅਸੀਂ ਇਹ ਕੰਮ ਕਰ ਸਕੀਏ। ਅਸੀਂ ਉਹਨਾਂ ਦੀ ਕਿਰਪਾ ਨਾਲ ਹੀ ਕਰ ਸਕਦੇ ਹਾਂ।*

*ਅਖੀਰ ਵਿਚ ਤੁਹਾਨੂੰ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਜਦੋਂ ਵੀ ਤੁਸੀਂ ਜਾਂਦੇ ਹੋ ਅਰਦਾਸ ਕਰਕੇ ਜਾਓ ਕਿ ਸੱਚੇ ਪਾਤਸ਼ਾਹ ਏ ਤੇਰਾ ਕੰਮ ਏ ਤੇ ਸਫਲਤਾ ਤੂੰ ਹੀ ਦੇਣੀ ਏ, ਬਖਸ਼ਸ਼ ਕਰ, ਅਸੀਂ ਇਹ ਤੇਰਾ ਇਲਾਕਾ ਨਸ਼ਾ ਮੁਕਤ ਕਰ ਸਕੀਏ। ਇਨੀ ਗਲ ਕਰਕੇ ਖਿਮਾਂ ਦਾ ਜਾਚਕ ਹਾਂ। ਸਤਿ ਸ੍ਰੀ ਅਕਾਲ*

*7 ਮਈ 2016, ਇਲਾਕਾ ਸ੍ਰੀ ਜੀਵਨ ਨਗਰ*

**300 साला शहीदी दिवस को समर्पित**

1920 में स्थापित सतिजुग

# सरहिंद विजय का नायक
# बाबा बंदा सिंह बहादुर

✍ प्रोफेसर लाल मोहर उपाध्याय



कुर्बानी वही महान होती है जिसकी पृष्ठभूमी में उद्देश्य महान होंगे, संघर्ष वह महान होता है जो किसी अन्याय के विरुद्ध होंगे। न्यायशील होना गुरु के सिक्ख का मूल उद्देश्य है। यही कारण है जब वह सिक्ख – जोर, जुल्म, अत्याचार होते देखता है तो उसका विरोध करता है वह अपना धर्म कर्तव्य समझता है – फल स्वरुप उसे कुर्बानी भी देनी पड़ती है। सिख इतिहास इस तरह की कुर्बानी से भरा पडा है।

खालसा राज के संस्थापक बाबा बंदा सिंह बहादुर महान तपस्वी, महान योद्धा, सिख कौम के पहले जत्थेदार, सिख राज के प्रवर्तक एंव पंजाब में समाजवाद के संस्थापक तथा किसानों के मसीहा के रुप में उभरे तथा जमींदारी उन्मूलन के लिए लोगों को ललकारा। इतना ही नहीं उन्होने भारतीय संस्कृति, सभ्यता तथा हिंदु धर्म की रक्षा के लिए अपने आप को न्योछावर कर विश्व में एक मिसाल कायम कर दी जिससे आज हम भी प्रेरणा ले सकते हैं।

बाबा बंदा सिंह बहादुर का जन्म 27 अक्टुबर 1670 ई. में जिला पुंछ (कश्मीर) के रजौरी गांव के भारद्वाज राजपूत किसान परिवार में हुआ था। इनके पिता जी का नाम रामदेवा था तथा बचपन का नाम लक्ष्मण देव। इनको बचपन से ही घुड़सवारी, तीरअंदाजी एंव शिकार करने के शैकीन थे। जिसके चलते मात्र 15 वर्ष की उम्र में उन्होने एक गर्भवती हिरणी का शिकार किया। उस हिरणी के पेट से जब दो मृत बच्चे निकले तो इस घटना ने उन्हें बैरागी बना दिया और जानकी दास बैरागी के चेले बन गये। बैरागी जानकी दास ने इनका नाम माधो दास रखा इतना ही नहीं वे बैरागी जानकी दास के चेला बनने के बाद रामदास बैरागी तथा उघड़नाथ जोगी के भी चेला बन गये। उघड़नाथ जोगी की मृत्यु के बाद वे गोदावरी नदी के किनारे स्थित नादेड़ (महाराष्ट्र) पहुंच कर अपना मठ बना लिया तथा अपने कारनामों से लोगों को चकित करते रहे। सितम्बर 1708 ई. में जब उनकी भेंट श्री गुरु गोबिंद सिंह जी महाराज से हुई तो उनमें काफी परिवर्तन हो गया।

एक दिन की बात है श्री गुरु गोबिंद सिंह जी महाराज माधोदास के डेरे में पहुंच गये और उनके पलंग पर बैठ गये। माधोदास के चेलों ने मना किया कि आपका इस पलंग पर बैठना ठीक नहीं। माधोदास की तरफ से इसकी सख्त मनाही है। जब माधोदास अपने डेरे में पहुंचे तो चेलों ने इस घटना की जानकारी दी। माधोदास जी समझ गये कि गुरु गोबिंद सिंह जी कोई बड़ी शक्ति के मालिक हैं वे गुरु साहिब के चरणों में लेट गये। सिख इतिहास की वंशावली नामा में इसका वर्णन इस प्रकार है –

*पकड़ा हाथ तिसका साहिब अपने पास बिठायिआ।*
*जो पास ना बैठा तिस आसन तले लाइआ।*
*साहिब पासे आदमी करे दिते दूर।*
*दोहां सलाहां कीतीआ आपस विच बैठ के मसकूर।*
*आखर साधु उठ के चरणी फड़िया।*
*पाहुल गुरु की छक के बनिआ सिंघ हनीआ।*

क्षमां मागने के बाद माधोदास जी ने सिख बनने की इच्छा प्रकट की। गुरु साहिब ने कहा कि सिख बनने के पहले यह दृढ़ सकंलप करना होता है कि तन मन धन अर्पित करना होता है। श्री गुरु गोबिंद सिंह जी ने पूछा तेरा नाम क्या है। माधोदास ने कहा मैं आज से तेरा बंदा हूं। माधों दास ने पूछा आप मेरे पास क्यों आये हो तो गुरु जी ने कहा कि मैं अपने बंदे से मिलने आया हूं। माधोदास फुले न समाये। जिस तरह भगवान कृष्ण ने अर्जुन को उपदेश दिया था उसी तरह श्री गुरु गोबिंद सिंह जी ने माधोदास को उपदेश दिया। आपको अमृत छका कर सिख बनाया तथा नाम गुरुबख्स सिंह जो बाद में बंदा सिंह बहादुर के नाम से संसार में विख्यात हुए।

श्री गुरु गोबिंद सिंह जी महाराज ने बंदा सिंह बहादुर को पांच तीर, एक नगाडा और निशान साहिब देकर पंजाब की ओर भेजा तथा साथ में पाच प्यारे भी गए। जिनके नाम है – भाई विनोद सिंह, भाई काहन सिंह, भाई बाज सिंह, भाई दया सिंह एवं भाई चन सिंह।

दिल्ली पहुंचते ही गुरु जी ने सिख संगत को हुक्मनामे भेजे। इसका पालन करते हुए सिख काफी संख्या में बाबा बंदा सिंह बहादुर की फौज में शामिल होने लगे। । बहुत ही कम समय में बाबा बंदा सिंह बहादुर की अगुवाई में काफी फौज इकठ्ा हो गई और लोग केसरी खालसाई निशान साहिब के नीचे मुगलों द्वारा किये गए अत्याचार का बदला लेने के लिए – राज करेगा खालसा' का नारा निशिचित कर दिया।

मुस्लमान लेखक खाफी खान और मुहम्मद कासिम के अनुसार बाबा बंदा सिंह बहादुर की सेना में 5 हजार घुड़सवार और 8 हजार पैदल सेना हो गई।

प्रख्यात सिख इतिहासकार श्री गोकुल चंद नारंग के शब्दों मे सेना में बड़ोतरी होती गई और बढ़कर 50 हजार तक पहुंच गई। आखिर वह घडी आ गई जिसका वे बहुत दिनों से इंतजार कर रहे थे। सुबेदार बजीर खान को सबक सिखाने के लिए सिखों ने चपड चिडी (सरहिंद के नजदीक) पहुंचकर हमला कर दिया। सुबेदार वजीर खान की फौज सिखों के इस हमले को रोकने के लिए आगे बढ़ी पर सिखों ने काफी फौज तैयार कर ली थी। तथा 12 मई 1710 ई. को चपड़ चिड़ी के मैदान में धमासान युद्ध हुआ। इस लडाई में सूबेदार वजीर खान मारा गया। वजीर खान के मरने के बाद मुगल सैना मैदान से भाग गई और सरहिंद फतह हो गया। यहां वर्णन करना लाजमी है कि यही सरहिंद वह स्थान है जहां श्री गुरु गोबिंद सिंह जी के दोनो साहिबजादों को दीवार में चुना गया था तथा माता गुजरी को भी शहीदी दी थी। मुझे यह कहने में तनिक भी संकोच नहीं कि बाबा बंदा सिंह बहादुर ने वर्षो तक युमना नदी तट के विशाल क्षेत्र पर अपना कब्जा कायम कर रखा था। उसके राज प्रबंध की सरकारी मुहर में लिखा था –

*देग उ तेग फतेह उ नसरत बेदरंग*
*जाफत अज नानक गुरु गोबिंद सिंह*

अतंत 9 जून 1716 ई. को बाबा बंदा सिंह बहादुर उनके पुत्र बाबा अजय सिंह और कुछ सिखों को दिल्ली शहर का चक्कर लगवा के कुतुबमिनार के नजदीक महरौली लाकर शहीद किया गया। जल्लाद ने बाबा अजय सिंह को मारकर उनकी खाल उतार कर छुरा भौंक कर दिल निकाला गया तथा जोर जुल्म से बाबा बंदा सिंह बहादुर के मुंह में ठूसा गया। इसके बाद भी वे धर्म परिवर्तन नहीं किए। अपनी हार नहीं मानी। इतना हीं नहीं बारी बारी आंख निकाली गई। हाथ काटे गये। पैर काटे गये। फिर शरीर का मास नौचा गया। शहीद हो गये पर अडोल रहे। आपने गुरुवाणी के इस महा वाक्य की हामी भरी–

*कबीर जिसु मरने ते जग डरै मेरे मन आनंद।*
*मरने ही ते पाईए पुरन परमानंद।*

इस महान कांतिकारी शहीद की यादगार महरौली दिल्ली के दर्शनीय है जहां लाखों लोग माथा टेकते हैं। धन–धन बाबा बंदा सिंह बहादुर जी। ■

*With the blessing of Sri Satguru Uday Singh ji*

# RADIANT STARS

## SHAHEED BISHAN SINGH MEMORIAL SENIOR SECONDARY SCHOOL

## TOPPER OF CLASS – X 2015-16

### 1ST POSITION



CGPA - 10

Suurabh Tiwari

English - A1 Maths - A1
G. Sc - A1 S. Sc - A1
Hindi - A1 IP - A1



CGPA - 10

Karam Singh

English - A1 Maths - A1
G. Sc - A1 S. Sc - A1
Hindi - A1 IP - A1



CGPA - 10

Shivani Tiwari

English - A1 Maths - A1
G. Sc - A1 S. Sc - A1
Hindi - A1 IP - A1

### 2ND POSITION



CGPA - 9.8

Lovleen Kaur Kalsi

English- A1 G. Sc - A1
Punjabi - A1 S. Sc A1
Ip - A1



CGPA - 9.8

Reema Chauhan

English- A1 S. Sc - A1
Maths - A1 Hindi - A1

### 3RD POSITION



CGPA - 9.6

Basant Singh

Maths- A1 G. Sc - A1
Punjabi - A1 I.P - A1



CGPA - 9.6

Akash Singh

Maths - A1 G. Sc - A1
Hindi - A1

## TOTAL STUDENTS APPEARED - 75 IN CLASS X CBSE EXAM

### STUDENTS SCORING A1 GRADE



Priyanshu Arora

English - A1 Hindi - A1
IP - A1



Gurdev Kaur

S.Sc - A1
Punajbi - A1



Nisha Tiwari

G.Sc - A1
Hindi - A1



Simran Kaur

Maths - A1



Ramneek Kaur Alag

Punjabi - A1



Harleen Kaur

Hindi - A 1



Rohit Sharma

Hindi - A1

*ਨਾਮਧਾਰੀ ਵਸੋਂ ਵਾਲੇ ਇਲਾਕਿਆਂ ਵਿਚੋਂ ਨਸ਼ਾ ਖਤਮ ਕਰਨ ਲਈ ਸਤਿਗੁਰੂ ਜੀ ਨੇ ਪ੍ਰੇਰਿਤ ਕੀਤਾ*

# ਨਸੇ ਤੇ ਕਾਬੂ ਪਾਉਣ ਲਈ ਸਿੱਖ ਸੰਗਤ ਸਹਿਯੋਗ ਦੇਵੇ

## *-ਸ੍ਰੀ ਸਤਿਗੁਰੂ ਉਦੈ ਸਿੰਘ ਜੀ*

**ਰਾਣੀਆਂ, 7 ਜੂਨ 2016, ਪਿੰਡ ਸੰਤ ਨਗਰ** ਸਥਿਤ ਪ੍ਰਤਾਪ ਮੰਦਰ ਵਿਚ ਦਰਸ਼ਨ ਦੇਣ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਨਸ਼ੇ ਦੀ ਭੈੜੀ ਲੱਤ ਤਿਆਗਣ ਦੀ ਅਪੀਲ ਕੀਤੀ। ਆਪ ਜੀ ਦੀ ਹਜ਼ੂਰੀ ਵਿਚ ਸੈਂਕੜਿਆਂ ਦੀ ਤਦਾਦ ਵਿਚ ਸਿੱਖ ਸੰਗਤ ਨੇ ਨਸ਼ਿਆਂ ਖਿਲਾਫ ਕਮਰਕੱਸੇ ਕਰਨ ਦਾ ਪ੍ਰਣ ਲਿਆ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਮੌਜੂਦਾ ਸਮੇਂ ਨਸ਼ਿਆਂ ਨੇ ਸਮਾਜ ਨੂੰ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਪ੍ਰਸ਼ਾਸ਼ਨ ਵਲੋਂ ਨਸ਼ੇ ਤੇ ਲਗਾਮ ਕੱਸਣ ਲਈ ਯਤਨ ਕੀਤੇ ਜਾ ਰਹੇ ਨੇ ਪਰ ਇਹਨਾਂ ਦਾ ਕੋਈ ਅਸਰ ਵਿਖਾਈ ਨਹੀਂ ਦਿੰਦਾ। ਨਸ਼ਾ ਤਾਂ ਹੀ ਕਾਬੂ ਹੇਠ ਲਿਆਂਦਾ ਜਾ ਸਕੇਗਾ ਜੇ ਸੰਗਤ ਆਪਣੇ ਬੱਚਿਆਂ ਨੂੰ ਨਸ਼ਾ ਕਰਨ ਤੋਂ ਵਰਜੇਗੀ।

ਨਸ਼ੇ ਤੇ ਕਾਬੂ ਪਾਉਣ ਲਈ ਘਰ ਤੋਂ ਹੰਭਲਾ ਮਾਰਨਾ ਹੋਵੇਗਾ। ਕੋਈ ਮਾਂ ਬਾਪ ਆਪਣੇ ਬੱਚੇ ਨੂੰ ਨਸ਼ਾ ਕਰਦਿਆਂ ਵੇਖੇ ਤਾਂ ਉਸਨੂੰ ਪਿਆਰ ਨਾਲ ਸਮਝਾਉਣ। ਜੇ ਬੱਚੇ ਨਹੀਂ ਮੰਨਦੇ ਤਾਂ ਉਹਨਾਂ ਨੂੰ ਸਾਡੇ ਕੋਲ ਲੈ ਕੇ ਆਓ। ਬੱਚਿਆਂ ਦੇ ਨਾਲ ਸਖਤੀ ਨਾਲ ਪੇਸ਼ ਨਾ ਆਓ। ਇੰਜ ਕਰਨ ਨਾਲ ਬੱਚਾ ਕਦੇ ਵੀ ਨਸ਼ੇ ਦਾ ਤਿਆਗ ਨਹੀਂ ਕਰੇਗਾ। ਪਿਆਰ ਨਾਲ ਬੱਚਿਆਂ ਦੀ ਨਸ਼ੇ ਦੀ ਆਦਤ ਛੁਡਵਾ ਕੇ ਉਹਨਾਂ ਨੂੰ ਨਾਮ ਬਾਣੀ ਨਾਲ ਜੋੜੋ।

ਉਹਨਾਂ ਬੱਚਿਆਂ ਨੂੰ ਸਮਝਾਓ ਕਿ ਨਸ਼ਾ ਕਰਨਾ ਹੈ ਤਾਂ ਨਾਮ ਦਾ ਕਰੋ। ਨਾਮ ਦੇ ਨਸ਼ੇ ਨਾਲ ਤੁਹਾਡੀ ਰੂਹ ਧੁਰ ਅੰਦਰ ਤਕ ਸ਼ਰਸਾਰ ਹੋ ਜਾਵੇਗੀ।

ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਕਿ ਨਾਮਧਾਰੀ ਇਲਾਕਿਆਂ ਸ੍ਰੀ ਜੀਵਨ ਨਗਰ, ਰਾਣੀਆਂ, ਸੰਤ ਨਗਰ, ਜਗਜੀਤ ਨਗਰ, ਦਮਦਮਾ, ਧਰਮਪੁਰਾ, ਅਮਰਾਸਰ, ਪ੍ਰਤਾਪ ਨਗਰ, ਮਿਰਜਾਪੁਰ ਵਿਚੋਂ ਨਸ਼ੇ ਦਾ ਇਸ ਪ੍ਰਕਾਰ ਖਾਤਮਾ ਕਰੋ ਕਿ ਹਰਿਆਣਾ ਅਤੇ ਵਿਦੇਸ਼ ਦੇ ਲੋਕ ਨਸ਼ਾ ਨਾ ਕਰਨ ਲਈ ਸ੍ਰੀ ਜੀਵਨ ਨਗਰ ਜਾਂ ਨਾਮਧਾਰੀ ਇਲਾਕਿਆਂ ਦੀ ਮਿਸਾਲ ਦੇਣ। ਨਸ਼ਾ ਮਨੁੱਖ ਨੂੰ ਅੰਦਰੋਂ ਖੋਖਲਾ ਕਰ ਦਿੰਦਾ ਏ ਅਤੇ ਚਿੰਤਾ ਵਾਲੀ ਗੱਲ ਹੈ ਕਿ ਇਹ ਨਾਮਧਾਰੀ ਸੰਗਤ ਲਈ ਵੀ ਇਕ ਕਲੰਕ ਬਣ ਰਿਹਾ ਹੈ ਸ੍ਰੀ ਸਤਿਗੁਰੂ ਜੀ ਨੇ ਆਖਿਆ ਕਿ ਨਸ਼ਾ ਕਰਨ ਵਾਲਾ ਪ੍ਰਾਣੀ ਕਲਜੁਗ ਦੇ ਪ੍ਰਭਾਵ ਅਧੀਨ ਹੈਵਾਨ ਦਾ ਰੂਪ ਧਾਰਨ ਕਰ ਲਵੇਗਾ।ਇਹ ਹੌਲੀ ਹੌਲੀ ਪੂਰੀ ਕਾਇਨਾਤ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ ਜੋ ਦੁਨੀਆਂ ਦੀ ਤਬਾਹੀ ਦਾ ਕਾਰਨ ਬਣ ਜਾਏਗਾ। ਅਜਿਹਾ ਭਾਣਾ ਨਾ ਵਾਪਰੇ। ਸਾਧ ਸੰਗਤ ਨੂੰ ਬੇਨਤੀ ਹੈ ਕਿ ਨਸ਼ੇ ਦੀ ਅਲਾਮਤ ਦੀ ਇਸ ਖੇਤਰ ਵਿਚੋਂ ਜੜ੍ਹ ਪੁਟਣ ਲਈ ਜੀਅ-ਜਾਨ ਲਾ ਦੇਵੇ, ਤਾਂ ਹੀ ਨਾਮਧਾਰੀ ਸੰਗਤ ਦੀ ਅਸਲੀ ਜਿੱਤ ਹੋਵੇਗੀ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹਨਾਂ ਨਾਮਧਾਰੀ ਇਲਾਕਿਆਂ ਵਿਚੋਂ ਮਾਸ ਸ਼ਰਾਬ ਦੀਆਂ ਦੁਕਾਨਾਂ ਬੰਦ ਕਰਵਾ ਦਿੱਤੀਆਂ ਗਈਆਂ ਹਨ।

ਇਸ ਮੌਕੇ ਐਸ. ਡੀ. ਐਮ. ਸ਼੍ਰੀ ਪ੍ਰਦੀਪ ਦਹੀਆ ਨੇ ਆਖਿਆ ਕਿ ਸਾਡੇ ਲਈ ਬੜੇ ਮਾਣ ਵਾਲੀ ਗਲ ਹੈ ਕਿ ਪੂਜਨੀਕ ਸਤਿਗੁਰੂ ਜੀ ਨਸ਼ੇ ਤੇ ਨਕੇਲ ਕੱਸਣ ਲਈ ਸੰਗਤਾਂ ਨੂੰ ਉਪਦੇਸ਼ ਦੇਣ ਦੀ ਕਿਰਪਾ ਕਰ ਰਹੇ ਹਨ। ਇਸ ਖੇਤਰ ਵਿਚੋਂ ਨਸ਼ੇ ਦਾ ਖਾਤਮਾ ਕਰਨ ਲਈ ਸਾਧ ਸੰਗਤ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਅਤੇ ਪ੍ਰਸ਼ਾਸ਼ਨ ਵੀ ਇਸ ਦਿਸ਼ਾ ਵਿਚ ਹਰ ਸੰਭਵ ਯਤਨ ਕਰੇਗਾ ਤਾਂ ਜੋ ਇਸ ਖੇਤਰ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ।

ਇਸ ਮੌਕੇ ਥਾਣਾ ਮੁਖੀ ਸ੍ਰੀ ਦਲੀਪ ਸਿੰਘ, ਸਰਵ ਸ੍ਰੀ ਪੂਰਨ ਸਿੰਘ ਵਿਰਕ, ਸੂਬਾ ਬਲਕਾਰ ਸਿੰਘ, ਲੱਖਾ ਸਿੰਘ ਕਿੱਲੇ ਵਾਲੇ, ਸਰਪੰਚ ਗੁਰਦੀਪ ਸਿੰਘ, ਧਿਆਨ ਸਿੰਘ ਮੁਕਤਾ, ਸੁਵਰਨ ਸਿੰਘ ਵਿਰਕ, ਮਲਕੀਤ ਸਿੰਘ ਖੋਸਾ, ਜ਼ਿਲਾ ਪਰੀਸ਼ਦ ਮੈਂਬਰ ਮਲਕੀਤ ਸਿੰਘ ਰੰਧਾਵਾ, ਸਰਪੰਚ ਬੂਟਾ ਸਿੰਘ ਗਿੱਲ, ਬੂਟਾ ਸਿੰਘ, ਸੁਖਦੇਵ ਸਿੰਘ, ਭਾਗ ਸਿੰਘ, ਗੁਰਚਰਨ ਸਿੰਘ ਕਿਲੇ ਵਾਲੇ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਨਾਮਧਾਰੀ ਸੰਗਤ ਹਾਜ਼ਰ ਸੀ। **ਸਿਰਸਾ, ਕੇਸਰੀ**

# ਚੌਪਈ ਪਾ:10 ਦੇ ਪਾਠਾਂ ਦੇ ਭੋਗ...(ਬਾਕੀ ਸਫਾ 2 ਦੀ)

ਸੰਤ ਨਿਸ਼ਾਨ ਸਿੰਘ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕੁਝ ਅਰਜ਼ਾਂ ਕੀਤੀਆਂ। ਉਨਾਂ ਕਿਹਾ ਕਿ ਇਹ ਸਾਰਾ ਕਾਰਜ ਸਤਿਗੁਰੂ ਜੀ ਨੇ ਆਪ ਖੜੇ ਹੋ ਕੇ ਕਰਵਾਇਆ ਹੈ। ਸਾਰੀ ਸੰਗਤ ਨੇ ਭਰਪੂਰ ਸਹਿਯੋਗ ਦਿੱਤਾ ਹੈ। ਉਨ੍ਹਾਂ ਦੀ ਕਿਰਪਾ ਨਾਲ ਇਹ ਜਪ ਪ੍ਰਯੋਗ ਸੰਪੂਰਨ ਹੋਇਆ ਹੈ। ਇਹ ਤੁਹਾਡੇ ਸਾਰਿਆਂ ਦੇ ਯਤਨ ਸਦਕਾ ਤੇ ਸਤਿਗੁਰੂ ਜੀ ਦੀ ਕਿਰਪਾ ਨਾਲ ਸੰਪੂਰਨ ਹੋਇਆ ਹੈ। ਇਸ ਮਹਾਨ ਜਪ ਪ੍ਰਯੋਗ ਤੇ ਮੈਂ ਸਾਰਿਆਂ ਨੂੰ ਵਧਾਈ ਦਿੰਦਾ ਹਾਂ। ਪੰਥ ਦੀ ਚੜ੍ਹਦੀ ਕਲਾ ਤੇ ਵਿਸ਼ਵ ਸ਼ਾਂਤੀ ਵਾਸਤੇ ਅਜਿਹੇ ਜਪ ਪ੍ਰਯੋਗ ਹੋਣੇ ਚਾਹੀਦੇ ਹਨ। ਇਸ ਨਾਲ ਆਪਸ ਵਿਚ ਰਲ ਬੈਠਣ ਦੀ ਜਾਚ ਆਉਂਦੀ ਹੈ। ਉਨ੍ਹਾਂ ਕਿਹਾ ਕਿ ਸਾਡੀ ਪ੍ਰਪੰਰਾ ਬਣੀ ਹੈ ਕਿ ਮੈਨੂੰ ਫੋਨ ਆਵੇ। ਪ੍ਰਮਾਣਿਤ ਵੈਬਸਾਈਟ ਤੇ ਪੈਣਾ, ਸਾਡਾ ਫਰਜ਼ ਬਣਦਾ ਹੈ ਅਸੀਂ ਆਪਣੇ ਕਾਰਜ ਸੰਕੋਚ ਕੇ ਤਿਆਰੀ ਕਰੀਏ। ਸਤਿਗੁਰੂ ਜੀ ਦੀ ਕਿਰਪਾ ਬਣੀ ਰਹੀ। ਕੁਝ ਸਜਣਾ ਵਲੋਂ ਜ਼ਿਆਦਾ ਪਾਠ ਕੀਤੇ ਗਏ ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਸੰਤ ਗੁਰਪ੍ਰੀਤ ਸਿੰਘ ਸ੍ਰੀ ਭੈਣੀ ਸਾਹਿਬ - 1490 ਪਾਠ (15 ਵਰਨੀਆਂ ਕੀਤੀਆਂ)
2. ਸੰਤ ਮੱਖਣ ਸਿੰਘ ਜੋੜਕੀਆਂ - 1130
3. ਸੰਤ ਅਮਰੀਕ ਸਿੰਘ ਸ੍ਰੀ ਭੈਣੀ ਸਾਹਿਬ - 1063
4. ਸੰਤ ਗੁਰਮੁਖ ਸਿੰਘ ਲੁਧਿਆਣਾ - 1024
5. ਸੰਤ ਜਸਵਿੰਦਰ ਸਿੰਘ ਜੋੜਕੀਆਂ - 1009
6. ਸੰਤ ਬਲਕਾਰ ਸਿੰਘ ਸ੍ਰੀ ਭੈਣੀ ਸਾਹਿਬ - 1000
7. ਸੰਤ ਸਤਨਾਮ ਸਿੰਘ ਸਸਰਾਲੀ ਕਲੋਨੀ - 885
8. ਸੰਤ ਪਰਮਿੰਦਰ ਸਿੰਘ - 505
9. ਸੰਤ ਪਰਮਜੀਤ ਸਿੰਘ ਕਰਤਾਰਪੁਰ - 994

ਸੰਤ ਪਰਮਿੰਦਰ ਸਿੰਘ ਸਸਰਾਲੀ ਵਾਲਿਆਂ ਦੀ ਰਫਤਾਰ ਪਹਿਲਾਂ ਘੱਟ ਸੀ ਅੱਜ ਰਾਤ ਵਿਚ ਹੀ ਉਹਨਾਂ ਨੇ 500 ਪਾਠ ਕੀਤੇ।

**ਨਾਮਧਾਰੀ ਨਿਤਨੇਮ ਗੁਟਕਾ-**

ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਗੁਟਕਾ ਰਲੀਜ਼ ਕਰਨ ਦੀ ਕਿਰਪਾ ਕੀਤੀ। ਇਸ ਦੀ ਭੇਟਾ 100 ਰੁਪਏ ਹੈ। ਸਤਿਜੁਗ ਦੇ ਦਫਤਰ ਤੋਂ ਪ੍ਰਾਪਤ ਹੋ ਸਕੇਗਾ। ਗੁਰਬਾਣੀ ਖੰਡ ਹੈ ਤੇ ਨਿਤਨੇਮ ਘਿਉ ਹੈ ਰਲਾ ਕੇ ਖਾਈਏ ਸੁਆਦ ਬਹੁਤ ਆਉਂਦਾ ਹੈ। ਗੁਰਬਾਣੀ ਰਸਤਾ ਦਸਦੀ ਹੈ। ਅੰਤ ਵਿਚ ਮੈਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਆਪਣਾ ਪਾਵਨ ਪਵਿੱਤਰ ਉਪਦੇਸ਼ ਸਾਧ ਸੰਗਤ ਦੇ ਭਲੇ ਵਾਸਤੇ ਦਿਤਾ। **ਉਹਨਾਂ ਕਿਹਾ ਕਿ ਮੈਂ ਇਸ ਗਲ ਦੀ ਵਧਾਈ ਸੰਤ ਨਿਸ਼ਾਨ ਸਿੰਘ ਹੋਰਾਂ ਨੂੰ ਦਿੰਦਾ ਹਾਂ ਜਿਹਨਾਂ ਨੇ ਅਗੇ ਹੋ ਇਹ ਕਾਰਜ ਕੀਤਾ ਹੈ। ਤੁਸੀਂ ਸਾਰੀ ਸੰਗਤ ਨੇ ਆਕੇ ਇਸ ਜਪ ਪ੍ਰਯੋਗ ਵਿਚ ਹਿੱਸਾ ਪਾਇਆ ਹੈ। ਭਾਗਾਂ ਤੋਂ ਬਿਨਾਂ ਸਿਖੀ ਨਹੀਂ ਮਿਲਦੀ। ਜਦੋਂ ਅੱਜ ਇਹ ਨਿੰਦਿਆ ਦਾ ਦੌਰ ਚਲਿਆ ਹੈ, ਘਰਾਂ ਦੇ ਸੁਖ ਛੱਡ ਕੇ ਆਏ ਹੋ ਗਰਮੀ ਵੀ ਬਹੁਤ ਸੀ, ਪ੍ਰਯੋਗ ਵਿਚ ਹਿਸਾ ਪਾਇਆ ਹੈ। ਸਤਿਗੁਰੂ ਦੀ ਕਿਰਪਾ ਤੋਂ ਬਿਨਾਂ ਕੁਝ ਨਹੀਂ ਹੁੰਦਾ। ਸਿਖੀ ਦੀ ਸ਼ੁਰੂਆਤ ਹੀ ਨਿਰਮਾਣਤਾ ਤੋਂ ਹੁੰਦੀ ਹੈ। ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹਨ, ਗਲਾਂ ਬਹੁਤ ਹੁੰਦੀਆਂ ਹਨ, ਮਰਯਾਦਾ, ਸਵੇਰ ਦਾ ਉਠਣਾ ਉਤਮ ਕਰਮ ਹਨ। ਕਿਰਪਾ ਸਤਿਗੁਰੂ ਨੇ ਕਰਨੀ ਹੈ। ਦੁਨੀਆਦਾਰੀ ਦੇ ਹਿਸਾਬ ਨਾਲ ਅਸੀਂ ਬੜੇ ਔਖੇ ਦੌਰ ਤੋਂ ਗੁਜ਼ਰ ਰਹੇ ਹਾਂ। ਇਹ ਵੀ ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ ਹੈ। ਇਹ ਸਮਾਂ ਵੀ ਉਹਨਾਂ ਦੀ ਰਜ਼ਾ ਵਿਚ ਹੈ। ਇਸ ਔਖੇ ਸਮੇਂ ਵਿਚ ਸਾਨੂੰ ਡੋਲਣ ਨਾ ਦੇਈਂ। ਸਾਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ। ਸਾਬਾਸ਼ ਬੱਚਿਓ, ਤੁਸੀਂ ਬਹੁਤ ਵਧੀਆ ਕੰਮ ਕੀਤਾ ਹੈ। ਘਰ ਜਾ ਕੇ ਵੀ ਅਸੀਂ ਆਪਣਾ ਇਹ ਕਾਰਜ ਨਾ ਭੁਲੀਏ। ਇਥੇ ਸੱਚ ਦਾ ਵਿਕਾਸ ਹੋਵੇ ਝੂਠ ਦਾ ਨਾਸ ਹੋਵੇ।**

ਸ੍ਰੀ ਸਤਿਗੁਰੂ ਜੀ ਨੇ ਦੁਬਾਰਾ ਆਪ ਹੁਕਮ ਕੀਤਾ ਕਿ ਸੰਤ ਸਤਨਾਮ ਸਿੰਘ ਸਸਰਾਲੀ ਕਲੋਨੀ ਵਾਲਿਆਂ ਤੇ ਬਹੁਤ ਕਿਰਪਾ ਹੈ। ਇਹ ਵੀ ਬਹੁਤ ਸੇਵਾ ਕਰਦੇ ਹਨ। ਤੇ ਜਪ ਪ੍ਰਯੋਗ ਵਿਚ ਵੀ ਪੂਰਾ ਸਮਾਂ ਦਿੰਦੇ ਹਨ ਤੇ ਆਪਣੇ ਆਪ ਦਾ ਵਿਖਾਵਾ ਨਹੀਂ ਕਰਦੇ। ਸ੍ਰੀ ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਖੁਸ਼ੀਆਂ ਬਖਸ਼ੀਆਂ।

ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਮਹਾਨ ਜਪ ਪ੍ਰਯੋਗ ਨਿਰਵਿਘਨ ਸਮਾਪਤ ਹੋਇਆ। ਦੂਰ ਦੁਰਾਡੇ ਤੋਂ ਆਈ ਸੰਗਤ ਦਾ ਬਹੁਤ ਬਹੁਤ ਧੰਨਵਾਦ ਜਿਹਨਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਘਰਾਂ ਦੇ ਐਸ਼ ਇਸ਼ਰਤ ਛੱਡ ਕੇ ਇਸ ਮਹਾਨ ਕਾਰਜ ਵਿਚ ਹਿੱਸਾ ਪਾ ਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਸਾਰੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਸਾਰੇ ਹੀ ਸਰੀਰਾਂ ਵਲੋਂ ਵੱਧ ਤੋਂ ਵੱਧ ਸੇਵਾ ਕੀਤੀ ਗਈ ਹੈ, ਅਸੀਂ ਉਹਨਾਂ ਸਾਰਿਆਂ ਦਾ ਧੰਨਵਾਦ ਕਰਦੇ ਹਾਂ। ਸ੍ਰੀ ਸਤਿਗੁਰੂ ਜੀ ਬਖਸ਼ਿਸ਼ ਕਰਨ ਸਾਰਿਆਂ ਨੂੰ ਵੱਧ ਤੋਂ ਵੱਧ ਸੇਵਾ ਕਰਨ ਦਾ ਬਲ ਬਖਸ਼ਣ।

*- ਗੁਰਦੇਵ ਸਿੰਘ ਚੀਮਾ,*
*ਸ੍ਰੀ ਭੈਣੀ ਸਾਹਿਬ*
*- ਸਤਨਾਮ ਸਿੰਘ, ਦਿੱਲੀ*

# ਮਾਈ ਖੇਮ ਕੌਰ ਅਤੇ ਬਾਬਾ ਬੇਲਾ ਸਿੰਘ ਯਾਦਗਾਰੀ ਪੁਰਸਕਾਰ ਸੂਬਾ ਸੁਰਿੰਦਰ ਕੌਰ ਖਰਲ ਨੂੰ ਪ੍ਰਾਪਤ




**ਵਿਸ਼ਵ ਪੰਜਾਬੀ ਸਾਹਿਤ ਵਿਚਾਰ ਮੰਚ ਵਲੋਂ ਕੀਤੇ ਸਮਾਗਮ ਵਿਚ ਖੜੇ ਲੇਖਕ ਅਤੇ ਬੁਧੀਜੀਵੀ।**

19 ਮਈ 2016 ਨੂੰ ਨਵ ਲੇਖਕ ਮੰਚ ਕਰਮਸਰ ਅਤੇ ਵਿਸ਼ਵ ਪੰਜਾਬੀ ਸਾਹਿਤ ਵਿਚਾਰ ਮੰਚ ਵਲੋਂ ਸਰਕਾਰੀ ਕਾਲਜ ਕਰਮਸਰ (ਰਾੜਾ ਸਾਹਿਬ) ਦੇ ਪੰਜਾਬੀ ਵਿਭਾਗ ਦੇ ਹਾਲ ਵਿਚ ਡਾ. ਰਵਿੰਦਰ ਰਵੀ ਯਾਦਗਾਰੀ ਸਮਾਗਮ ਕੀਤਾ ਗਿਆ।

ਇਸ ਸਮਾਗਮ ਵਿਚ ਡਾ. ਰਵਿੰਦਰ ਸਿੰਘ ਰਵੀ ਯਾਦਗਾਰੀ ਪੁਰਸਕਾਰ - ਡਾ. ਸੁਰਜੀਤ ਸਿੰਘ ਬਰਾੜ ਨੂੰ, ਪ੍ਰੀਤਮ ਸਿੰਘ ਪੰਧੇਰ ਯਾਦਗਾਰੀ ਪੁਰਸਕਾਰ - ਸ਼੍ਰੀ ਸੁਰਿੰਦਰ ਸਿੰਘ ਕੈਲੇ ਨੂੰ ਅਤੇ ਮਾਈ ਖੇਮ ਕੌਰ ਅਤੇ ਬਾਬਾ ਬੇਲਾ ਸਿੰਘ ਯਾਦਗਾਰੀ ਪੁਰਸਕਾਰ - ਸੂਬਾ ਸੁਰਿੰਦਰ ਕੌਰ ਖਰਲ ਨੂੰ ਪ੍ਰਦਾਨ ਕੀਤਾ ਗਿਆ।

ਸਟੇਜ ਸਕੱਤਰ ਡਾ. ਗੁਲਜਾਰ ਸਿੰਘ ਪੰਧੇਰ ਪ੍ਰਧਾਨ, ਵਿਸ਼ਵ ਪੰਜਾਬੀ ਸਾਹਿਤ ਵਿਚਾਰ ਮੰਚ ਸਨ। ਕਵੀ ਦਰਬਾਰ ਵੀ ਹੋਇਆ। ਜਿਸ ਵਿਚ ਬਹੁਤ ਸਾਰੇ ਨਾਮਵਰ ਕਵੀਆਂ ਤੇ ਕਵਿੱਤਰੀਆਂ ਨੇ ਹਿੱਸਾ ਲਿਆ।

ਡਾ. ਸੁਖਦੇਵ ਸਿੰਘ ਸਿਰਸਾ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ), ਡਾ. ਸੁਰਜੀਤ ਸਿੰਘ, ਸ. ਬਲਦੇਵ ਸਿੰਘ (ਸੜਕਨਾਮਾ) ਕਾਲਜ ਦੇ ਪ੍ਰਿੰਸੀਪਲ ਮੰਜੂ ਸ਼ਰਮਾ, ਡਾ. ਰਵਿੰਦਰ ਸਿੰਘ ਰਵੀ ਦੀ ਪਤਨੀ ਬੀਬੀ ਮਹਿੰਦਰ ਕੌਰ, ਸ਼੍ਰੀ ਸੁਰਿੰਦਰ ਰਾਮਪੁਰੀ, ਸ਼੍ਰੀ ਜਸਵੀਰ ਝੱਜ, ਸ਼੍ਰੀ ਗੁਰਦਿਆਲ ਸਿੰਘ ਦਲਾਲ, ਸ਼੍ਰੀ ਜਨਮੇਜਾ ਸਿੰਘ ਜੌਹਲ ਆਦਿ ਕਰੀਬ 55-60 ਸਖਸ਼ੀਅਤਾਂ ਨੇ ਇਸ ਸਮਾਗਮ ਵਿਚ ਹਿੱਸਾ ਲਿਆ।

ਸ੍ਰੀ ਭੈਣੀ ਸਾਹਿਬ ਤੋਂ ਹਜ਼ੂਰੀ ਸੇਵਕ ਹਰਪਾਲ ਸਿੰਘ, ਸ. ਸੁਵਰਨ ਸਿੰਘ ਵਿਰਕ, ਕਵੀਸਰ ਗੁਰਸੇਵਕ ਸਿੰਘ, ਬਲਦੇਵ ਸਿੰਘ ਆਦਿ ਅਤੇ ਰੂਪਨਗਰ ਤੋਂ ਸ. ਭਗਵੰਤ ਸਿੰਘ ਤੇ ਸੂਬਾ ਸੁਰਿੰਦਰ ਕੌਰ ਖਰਲ ਨੇ ਵਿਚ ਸਮਾਗਮ 'ਚ ਹਾਜ਼ਰੀ ਲਵਾਈ।

ਸ. ਸਵਰਨ ਸਿੰਘ ਵਿਰਕ ਨੇ ਸੂਬਾ ਸੁਰਿੰਦਰ ਕੌਰ ਖਰਲ ਬਾਰੇ ਉਹਨਾਂ ਦੀ ਰਚਨਾਵਾਂ ਅਤੇ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਦੱਸਿਆ। ਬੀਬੀ ਮਹਿੰਦਰ ਕੌਰ (ਡਾ. ਰਵਿੰਦਰ ਸਿੰਘ ਰਵੀ ਦੀ ਪਤਨੀ) ਨੇ ਸੂਬਾ ਸੁਰਿੰਦਰ ਕੌਰ ਖਰਲ ਨੂੰ ਮਾਈ ਖੇਮ ਕੌਰ ਅਤੇ ਬਾਬਾ ਬੇਲਾ ਸਿੰਘ ਯਾਦਗਾਰੀ ਪੁਰਸਕਾਰ ਦਿੱਤਾ।

ਮਾਈ ਖੇਮ ਕੌਰ ਪਿੰਡ ਸਿਆੜ ਦੇ ਸਨ। 1 ਜੂਨ ਸੰਨ 1863 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡ ਸਿਆੜ ਵਿਚ ਪਹਿਲੀ ਵਾਰ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਸੀ। ਅੰਮ੍ਰਿਤ ਛਕਣ ਵਾਲੀਆਂ ਉਹਨਾਂ ਮਾਈਆਂ ਵਿਚੋਂ ਬੀਬੀ ਖੇਮ ਕੌਰ ਇਕ ਸਨ। ਸੰਤ ਬੇਲਾ ਸਿੰਘ ਇਨ੍ਹਾਂ ਦੇ ਪਤੀ ਸਨ। ਇਸ ਸਮਾਗਮ ਦੀ ਫੋਟੋਗ੍ਰਾਫੀ ਦੀ ਸੇਵਾ ਸੰਤ ਭਗਵੰਤ ਸਿੰਘ ਨਾਮਧਾਰੀ ਰੂਪਨਗਰ ਨੇ ਕੀਤੀ। ■

# ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦੇ ਪਾਤਰ ਹੋਣਹਾਰ ਬੱਚਾ ਅਤੇ ਬੱਚੀ



ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ ਸਦਕਾ ਕਾਕਾ **ਯਸ਼ਵੰਤ ਸਿੰਘ** - ਸ. ਯਾਦਵਿੰਦਰ ਸਿੰਘ ਅਤੇ ਬੀਬੀ ਹਰਦੀਪ ਕੌਰ ਦਾ ਪੁੱਤਰ ਅਤੇ ਸੰਤ ਭਗਵੰਤ ਸਿੰਘ ਅਤੇ ਸੂਬਾ ਸੁਰਿੰਦਰ ਕੌਰ ਖਰਲ ਦਾ ਪੋਤਰਾ ਸਾਹਿਬਜ਼ਾਦਾ ਅਜੀਤ ਸਿੰਘ ਅਕੈਡਮੀ ਰੂਪਨਗਰ ਵਿਚ ਪੜਦਾ ਹੈ। ਇਸ ਨੇ ੧੦ਵੀਂ ਕਲਾਸ ਵਿਚੋਂ ੧੦ ਸੀ. ਜੀ. ਪੀ. ਏ. ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਨਾਮਧਾਰੀ ਪੰਥ ਦਾ ਇਹ ਹੋਣਹਾਰ ਬੱਚਾ ਹਰ ਸਾਲ ਆਪਣੀ ਕਲਾਸ ਵਿਚੋਂ ਵਧੀਆ ਨੰਬਰ ਲੈ ਕੇ ਪਹਿਲਾ ਸਥਾਨ ਪ੍ਰਾਪਤ ਕਰਦਾ ਹੈ।



**ਰਤਨ ਕੌਰ ਰੂਪਨਗਰ** - ਸ. ਰਮਨਜੀਤ ਸਿੰਘ ਅਤੇ ਬੀਬੀ ਸੁਚਿੰਦਰ ਕੌਰ ਦੀ ਧੀ, ਸ. ਸੁਰਦੂਲ ਸਿੰਘ ਅਤੇ ਬੀਬੀ ਬਲਜੀਤ ਕੌਰ ਦੀ ਪੋਤੀ ਅਤੇ ਸ. ਕੇਹਰ ਸਿੰਘ ਦੀ ਪੜਪੋਤਰੀ ਸ਼ਿਵਾਲਿਕ ਪਬਲਿਕ ਸਕੂਲ ਰੂਪਨਗਰ ਵਿਚ ਪੜਦੀ ਹੈ। ਇਸ ਨੇ ਦਸਵੀਂ ਕਲਾਸ ਵਿਚੋਂ ੧੦ ਸੀ ਜੀ. ਪੀ. ਏ. ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਇਹ ਬੱਚੇ ਇਸੀ ਤਰ੍ਹਾਂ ਅਗੇ ਵਧ ਕੇ ਨਾਮਧਾਰੀ ਪੰਥ ਦਾ ਨਾਂ ਰੌਸ਼ਨ ਕਰਦੇ ਰਹਿਣ।

# ਸ਼ਾਇਰਾ ਗੁਰਮੀਤ ਕੌਰ ਮੀਤ ਰੂਹਾਨੀਅਤ ਦੀ ਉੱਚਤਾ ਤੇ ਪਹੁੰਚੀ ਹੋਈ ਸੀ : *ਡਾ. ਮਨਜੀਤ ਸਿੰਘ*



**ਨਵੀਂ ਦਿੱਲੀ** : ਪੰਜਾਬੀ ਦੇ ਪੱਤਰਕਾਰ ਸ੍ਰ. ਸਰਬ ਸ਼ਕਤੀਮਾਨ (ਸੰਪਾਦਕ 'ਵਰਤਮਾਨ ਹਿੰਦੁਸਤਾਨ') ਦੀ ਧਰਮ ਪਤਨੀ ਬੀਬੀ ਗੁਰਮੀਤ ਕੌਰ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ੧੯ ਕੁ ਵਰ੍ਹੇ ਪਹਿਲਾਂ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਸੀ, ਜਿਸ ਨਾਲ ਉਨ੍ਹਾਂ ਦਾ ਦਿਲ ੮੦ ਕੁ ਪ੍ਰਤੀਸ਼ਤ ਖ਼ਰਾਬ ਹੋ ਗਿਆ ਸੀ। ਓਦੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਦੇ ਇਲਾਜ ਦੀ ਜ਼ੁੰਮੇਵਾਰੀ ਆਪਣੇ ਸਿਰ ਲਈ ਅਤੇ ਮੌਜੂਦਾ ਸਤਿਗੁਰੂ ਉਦੇ ਸਿੰਘ ਜੀ ਨੂੰ ਐਸਕਾਰਟ ਹਸਪਤਾਲ ਤੋਂ ਬੀਬੀ ਜੀ ਦੇ ਦਿਲ ਦੇ ਆਪਰੇਸ਼ਨ ਦਾ ਸਾਰਾ ਖਰਚਾ ਝੱਲਣ ਦੇ ਆਦੇਸ਼ ਦਿੱਤੇ। ਸਤਿਗੁਰੂ ਜੀ ਦੇ ਆਦੇਸ਼ਾਂ ਨੂੰ ਉਨ੍ਹਾਂ ਨੇ ਨਤ-ਮਸਤਕ ਹੋ ਕੇ ਮੰਨਿਆ। ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ, ਉਹ ਓਦੋਂ ਬਚ ਗਏ। ਇਲਾਜ ਮਗਰੋਂ ਬੀਬੀ ਗੁਰਮੀਤ ਕੌਰ ੧੯ ਕੁ ਵਰ੍ਹੇ ਆਪਣੀਆਂ ਪਰਿਵਾਰਕ, ਸਮਾਜਕ ਤੇ ਰੂਹਾਨੀਅਤ ਦੀਆਂ ਜ਼ੁੰਮੇਵਾਰੀਆਂ ਬਾਖ਼ੂਬੀ ਨਿਭਾਉਂਦੇ ਰਹੇ। ਦੁਬਾਰਾ ਪਏ ਦਿਲ ਦੇ ਦੌਰੇ ਨੂੰ ਝੱਲਣ ਤੋਂ ਉਨ੍ਹਾਂ ਦਾ ਸਰੀਰ ਜਵਾਬ ਦੇ ਗਿਆ। ਵੀਰਵਾਰ ੧੯ ਮਈ ੨੦੧੬ ਨੂੰ ਅਕਾਲ ਪੁਰਖ ਦੇ ਸੱਦੇ 'ਤੇ ਉਹ ਪਰਲੋਕ ਸਿਧਾਰ ਗਏ। ਬੀਬੀ ਗੁਰਮੀਤ ਕੌਰ ਨੇ ਕਿਉਂਕਿ ਆਪਣੀਆਂ ਕਵਿਤਾਵਾਂ ਨਾਲ ਸਾਹਿਤਕ ਖੇਤਰ ਵਿਚ ਚੰਗੀ ਥਾਂ ਬਣਾਈ ਹੋਈ ਸੀ ਸੋ ਉਨ੍ਹਾਂ ਦੀ ਮਿਰਤੂ ਅਤੇ ਸਸਕਾਰ ਦੀਆਂ ਖਬਰਾਂ ਪੰਜਾਬੀ ਦੀਆਂ ਲੀਡਿੰਗ ਅਖਬਾਰਾਂ ਅਜੀਤ, ਪੰਜਾਬੀ ਟ੍ਰਿਬਿਊਨ ਅਤੇ ਰੋਜ਼ਾਨਾ ਸਪੋਕਸਮੈਨ ਵਿਚ ਵੀ ਪੜ੍ਹਣ ਨੂੰ ਮਿਲੀਆਂ। ਇਨ੍ਹੀਂ ਦਿਨੀਂ ਸਤਿਗੁਰੂ ਉਦੇ ਸਿੰਘ ਜੀ ਨੇ ਅਚਾਨਕ ਘਰ ਆ ਕੇ ਸਰਬ ਸ਼ਕਤੀਮਾਨ ਅਤੇ ਉਸਦੇ ਪਰਵਾਰ ਦੇ ਸਿਰ 'ਤੇ ਹੱਥ ਰੱਖਿਆ। ਇਨ੍ਹਾਂ ਦਿਨਾਂ ਵਿਚ ਬੀਬੀ ਜੀ ਦੇ ਗ੍ਰਿਹਿ ਵਿਖੇ ਲਗਾਤਾਰ ਚਾਰ ਦਿਨ ਸ਼ਾਮ ਨੂੰ ਇਕ ਘੰਟਾ ਸਿਮਰਨ ਅਤੇ ਕਥਾ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ। ਸਤਿਗੁਰੂ ਜੀ ਨੇ ਬੀਬੀ ਜੀ ਦੀ ਆਤਮਕ ਸ਼ਾਂਤੀ ਵਾਸਤੇ ਨਾਮਧਾਰੀ ਗੁਰਦੁਆਰੇ ਵਿਖੇ ਦੀਵਾਨ ਸਜਾਉਣ ਅਤੇ ਅੰਤਮ ਅਰਦਾਸ ਦੇ ਆਦੇਸ਼ ਦਿੱਤੇ।

ਪੱਛਮੀ ਦਿੱਲੀ ਦੇ ਰਮੇਸ਼ ਨਗਰ ਇਲਾਕੇ ਵਿਖੇ ਸਥਿਤ ਨਾਮਧਾਰੀ ਗੁਰਦੁਆਰੇ ਵਿਚ ਸ਼ਨੀਵਾਰ ੨੮ ਮਈ ਨੂੰ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਇਕ ਵਿਸ਼ੇਸ਼ ਦੀਵਾਨ ਦਾ ਆਯੋਜਨ ਕੀਤਾ ਗਿਆ ਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਰਾਗੀ ਸੁਖਦੇਵ ਸਿੰਘ ਜੀ ਨੇ ਸ਼ਾਸਤਰੀ ਧੁਨਾਂ ਵਿਚ ਗੁਰਬਾਣੀ ਦੇ ਦੋ ਸ਼ਬਦ ਗਾਇਨ ਕੀਤੇ। ਪਹਿਲਾ ਸ਼ਬਦ ਸੀ – 'ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ....।' ਅਤੇ ਦੂਸਰਾ ਸ਼ਬਦ ਸੀ – 'ਪਵਨੈ ਮਹਿ ਪਵਨੁ ਸਮਾਇਆ....।' ਉਪਰੰਤ ਪ੍ਰਸਿੱਧ ਰਾਗੀ ਜਥੇਦਾਰ ਮਨਜੀਤ ਸਿੰਘ (ਦਿੱਲੀ ਵਾਲਿਆਂ) ਨੇ ਹੱਲੇ ਦਾ ਦੀਵਾਨ ਸਜਾਉਂਦਿਆਂ ਕਥਾ ਕੀਰਤਨ ਰਾਹੀਂ ਬੀਬੀ ਗੁਰਮੀਤ ਕੌਰ ਦੀ ਬੰਸਾਵਲੀ ਉਪਰ ਚਾਨਣਾ ਪਾਇਆ। ਬੀਬੀ ਜੀ ਦੇ ਪੇਕੇ ਤੇ ਸਹੁਰੇ ਘਰ ਜੋ ਨਾਮਧਾਰੀ ਦਰਬਾਰ ਨੂੰ ਸਮੇਂ ਸਮੇਂ ਦਿੱਤੇ ਯੋਗਦਾਨ ਉਪਰ ਉਨ੍ਹਾਂ ਨੇ ਅਰਥ ਭਰਪੂਰ ਟਿੱਪਣੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ ਬੀਬੀ ਜੀ ਦੀ ਦਾਦੀ ਵਿਦਿਆ ਦੇਵੀ ਨੇ ਪੱਕੀ ਸੋਧ ਰੱਖੀ ਹੋਈ ਸੀ। ਬੀਬੀ ਜੀ ਧਰਮ ਕਰਮ ਨਾਲ ਜੁੜੇ ਹੋਏ ਸਨ। ਕਵਿਤਾਵਾਂ ਆਦਿ ਲਿਖਣ ਪੜ੍ਹਣ ਦੀ ਲਗਨ ਬੀਬੀ ਜੀ ਨੂੰ ਆਪਣੇ ਪਿਤਾ ਸੰਤ ਸੁਰਜੀਤ ਸਿੰਘ ਖੁਰਾਣਾ ਅਤੇ ਮਾਤਾ ਸੁਰਜੀਤ ਕੌਰ ਤੋਂ ਲਗੀ। ਜਥੇਦਾਰ ਜੀ ਨੇ ਧਾਰਨਾ ਲਾਈ : 'ਸਦਾ ਰਹੂ ਦੁਨੀਆਂ ਤੇ ਨਾਮ ਧਰਮੀ ਬੰਦਿਆਂ ਦਾ....।' ਆਪ ਨੇ ਇਹ ਵੀ ਦੱਸਿਆ ਕਿ ਬੀਬੀ ਗੁਰਮੀਤ ਕੌਰ ਨੇ ਮਹੀਨਾ ਕੁ ਪਹਿਲਾਂ ਆਪਣੇ ਮਾਤਾ ਪਿਤਾ ਦੀ ਯਾਦ ਵਿਚ ਮੇਲਾ ਵੀ ਕਰਵਾਇਆ ਸੀ। ਉਨ੍ਹਾਂ 'ਚ ਅਡੋਲਤਾ ਬਹੁਤ ਜ਼ਿਆਦਾ ਸੀ। ਜਥੇਦਾਰ ਜੀ ਨੇ ਬੀਬੀ ਜੀ ਦੇ ਸਹੁਰਾ ਪਰਵਾਰ ਦਾ ਪਿਛੋਕੜ ਦੱਸਦਿਆਂ ਕਿਹਾ ਕਿ ਇਹਨਾਂ ਦੇ ਪੁਰਖਿਆਂ ਦਾ ਪਿੰਡ ਦਾਤੇਵਾਲ ਸੀ। ਸਰਬ ਸ਼ਕਤੀਮਾਨ ਦੀ ਦਾਦੀ ਰਾਜ ਕੌਰ ਨੇ ਨਾਮਧਾਰੀ ਮਰਿਆਦਾ ਦੀਆਂ ਪੱਕੀਆਂ ਪੈੜਾਂ ਪਾਈਆਂ। ਆਪਣੇ ਪਰਵਾਰ ਨੂੰ ਜਿੱਥੇ ਸੰਤ ਬਣਾ ਦਿੱਤਾ ਉਥੇ ਇਹਨਾਂ ਦੇ ਸਪੁੱਤਰਾਂ ਸੰਤ ਮੰਗਲ ਸਿੰਘ ਲਾਇਲਪੁਰੀ, ਸ੍ਰੀ ਅਮਰ ਭਾਰਤੀ ਅਤੇ ਸੇਠ ਪ੍ਰਤਾਪ ਸਿੰਘ ਨੇ ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਨੂੰ ਪ੍ਰਚਾਰਿਆ। ਨਾਮਧਾਰੀ ਪੰਥ ਨੂੰ ਆਪਣਾ ਘਰ ਸਮਝਿਆ ਅਤੇ ਸਾਧ ਸੰਗਤ ਦੇ ਚਰਨ ਆਪਣੇ ਘਰ ਪਵਾਉਂਦੇ ਰਹਿੰਦੇ ਸਨ। ਬੀਬੀ ਗੁਰਮੀਤ ਕੌਰ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਪ੍ਰੇਮ ਪਿਆਰ ਅਤੇ ਸ਼ਰਧਾ ਨਾਲ ਭਰੇ ਹੋਏ ਸਨ, ਉਪਰੰਤ ਵਰਤਮਾਨ ਸਤਿਗੁਰੂ ਜੀ ਨਾਲ ਲੋੜ ਅਨੁਸਾਰ ਸਿੱਧੀ ਅਰਜ਼ ਵੀ ਕਰ ਲੈਂਦੇ ਸਨ। ਪਿੱਛੇ ਜਿਹੇ ਆਪਣੀ ਭਰਜਾਈ ਮਹਿੰਦਰ ਕੌਰ ਦੀ ਦੇਹ ਅਰੋਗਤਾ ਦੀ ਅਰਜ਼ ਕੀਤੀ ਜੋ ਸਤਿਗੁਰੂ ਜੀ ਦੀ ਕਿਰਪਾ ਸਦਕਾ ਨੌ-ਬਰ-ਨੌ ਹੋ ਗਏ।

ਕਰੀਵਾਲਾ ਸਿਰਸਾ ਤੋਂ ਉਚੇਚੇ ਪੁੱਜੇ ਪ੍ਰਬੁੱਧ ਵਕਤਾ ਅਤੇ ਲਿਖਾਰੀ ਸੁਵਰਨ ਸਿੰਘ ਵਿਰਕ ਹੁਰਾਂ ਇਸ ਅਵਸਰ 'ਤੇ ਜਿੱਥੇ ਸਟੇਜ ਸੰਭਾਲਣ ਦੀ ਜ਼ੁੰਮੇਵਾਰੀ ਬਾਖ਼ੂਬੀ ਨਿਭਾਈ ਉਥੇ ਬਾਬਾ ਫ਼ਰੀਦ ਅਤੇ ਭਗਤ ਕਬੀਰ ਦੇ ਸ਼ਲੋਕਾਂ ਰਾਹੀਂ ਜਨਮ-ਮਰਨ ਦੀ ਫ਼ਿਲਾਸਫੀ 'ਤੇ ਚਾਨਣਾ ਪਾਇਆ। ਬੀਬੀ ਗੁਰਮੀਤ ਕੌਰ ਨੂੰ ਭਾਵਭਿੰਨੀ ਸ਼ਰਧਾਂਜਲੀ ਦੇਂਦਿਆਂ ਕਿਹਾ ਕਿ ਬੀਬੀ ਜੀ ਜੀਵਨ ਦਾ ਸਫ਼ਰ ਬਾਖ਼ੂਬੀ ਨਿਭਾ ਗਏ ਹਨ। ਜਗਤ ਮਾਤਾ ਚੰਦ ਕੌਰ ਜੀ ਦੀ ਦੁਖਦਾਈ ਘਟਨਾ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਬੀਬੀ ਗੁਰਮੀਤ ਕੌਰ ਨਾਲ ਗੱਲਬਾਤ ਵੀ ਹੋਈ ਸੀ। ਉਹ ਮਾਤਾ ਜੀ ਦੀ ਪ੍ਰੇਮ ਦੀ ਡੋਰ ਵਿਚ ਐਸੇ ਬੱਝੇ ਹੋਏ ਸਨ ਕਿ ਬਹੁਤਾ ਸਮਾਂ ਨਹੀਂ ਕੱਢ ਸਕੇ। ਸਦਮਾ ਬੜਾ ਵੱਡਾ ਏ ਭਾਈ ਸਰਬ ਸ਼ਕਤੀਮਾਨ, ਵੱਡੇ ਭਾਈ ਮਨਧੀਰ ਜੀ ਅਤੇ ਹੋਰ ਪ੍ਰਵਾਰ ਵਾਸਤੇ। ਬੱਚਿਆਂ ਦੇ ਸਿਰ 'ਤੇ ਹੱਥ ਰੱਖਣ ਵਾਲਾ ਅਲੋਪ ਹੋ ਜਾਏ ਤਾਂ ਬੜਾ ਦੁਖਦਾਈ ਹੁੰਦਾ ਹੈ ਪਰ ਇਸ ਸਮੇਂ ਅਕਾਲ ਪੁਰਖ ਦੀ ਰਜ਼ਾ ਉਤੇ ਸਿਰ ਨਿਵਾਉਣਾ ਪੈਂਦਾ ਹੈ। ਬੀਬੀ ਜੀ ਨੇ ਜਿਸ ਢੰਗ ਨਾਲ ਜੀਵਨ ਨਿਰਬਾਹ ਕੀਤਾ, ਸਮਾਜ ਪ੍ਰਤੀ, ਪਰਵਾਰ ਪ੍ਰਤੀ, ਸਤਿਗੁਰੂ ਜੀ ਪ੍ਰਤੀ ਉਨ੍ਹਾਂ ਸੰਪੂਰਨ ਸਮਰਪਣ ਕੀਤੀ ਰੱਖਿਆ। ਉਹ ਉੱਜਲ ਮੁਖ ਨਾਲ ਏਥੋਂ ਵਿਦਾ ਹੋਏ ਨੇ। ਮਾਸਟਰ ਅਮਰੀਕ ਸਿੰਘ ਅਤੇ ਸਾਧੂ ਸਿੰਘ ਕਿਸਾਨ ਹੁਰਾਂ ਵੱਲੋਂ ਸ਼ੋਕ ਸੰਦੇਸ਼ ਵਿਚ ਕਿਹਾ ਕਿ ਬੀਬੀ ਗੁਰਮੀਤ ਕੌਰ ਸੰਸਾਰ ਤੋਂ ਵਿਦਾ ਕੀ ਹੋਏ, ਸਾਡੀ ਤਾਂ ਦਿੱਲੀ ਹੀ ਮੁੱਕ ਗਈ। ਵਿਰਕ ਸਾਹਿਬ ਨੇ ਦੱਸਿਆ ਕਿ ਮਾਤਾ ਉੱਤਮ ਦੇਈ, ਮਾਤਾ ਰਾਜ ਕੌਰ, ਮਾਤਾ ਭਾਗਵੰਤੀ, ਮਾਤਾ ਸੁਰਜੀਤ ਕੌਰ ਤੋਂ ਚਲੀ ਆ ਰਹੀ ਸੇਵਾ ਦੀ ਪਰੰਪਰਾ ਨੂੰ ਬੀਬੀ ਗੁਰਮੀਤ ਕੌਰ ਨੇ ਜਾਰੀ ਰੱਖਿਆ ਹੋਇਆ ਸੀ। ਉਹ ਘਰ ਆਏ ਸਾਧੂ ਸੰਤਾਂ ਦੀ ਸੇਵਾ ਕਰਕੇ ਖੁਸ਼ੀ ਮਹਿਸੂਸ ਕਰਦੇ ਸਨ। ਬੀਬੀ ਜੀ ਨੂੰ ਸਾਹਿਤ ਦੀ ਗੁੜ੍ਹਤੀ ਵੀ ਆਪਣੇ ਮਾਤਾ ਪਿਤਾ ਤੋਂ ਮਿਲੀ। ਬੀਬੀ ਜੀ ਦੇ ਪਿਤਾ ਸੁਰਜੀਤ ਸਿੰਘ ਖੁਰਾਣਾ ਤੋਂ ਉਨ੍ਹਾਂ ਦੀ ਪੁਸਤਕ 'ਗੁਰੂ ਬੰਸਾਵਲੀ' ਵੀ ਮੈਨੂੰ ਪ੍ਰਾਪਤ ਹੋਈ ਸੀ। ਬੀਬੀ ਜੀ ਕਵਿਤਾਵਾਂ ਲਿਖਦੇ ਬੋਲਦੇ ਸਨ। ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸ੍ਰੀ ਧਨੀਰਾਮ ਚਾਤ੍ਰਿਕ ਨਾਲ ਉਨ੍ਹਾਂ ਦੇ ਸਹੁਰੇ ਪਰਵਾਰ ਨਾਲ ਸਬੰਧ ਜੋੜਦਿਆਂ ਵਿਰਕ ਜੀ ਨੇ ਬੀਬੀ ਜੀ ਦੇ ਪਰਵਾਰਕ ਤੇ ਸਾਹਿਤਕ ਬਿੰਬ ਨੂੰ ਬਾਖ਼ੂਬੀ ਉਭਾਰਿਆ। ਸ਼ਾਇਰ ਗੁਰਮੁਖ ਸਿੰਘ ਰਤਨ ਅਤੇ ਜਸਵੰਤ ਸਿੰਘ ਜੱਸ ਨੇ ਆਪੋ ਆਪਣੀ ਸ਼ਾਇਰੀ ਰਾਹੀਂ ਬੀਬੀ ਜੀ ਨੂੰ ਸ਼ਰਧਾਂਜਲੀ ਦਿੱਤੀ। ਬੀਬੀ ਗੁਰਮੀਤ ਕੌਰ ਦੀ ਕੁੜਮਣੀ ਤੇ ਸਹੇਲੀ ਬੀਬੀ ਸਿੰਦਰ ਕੌਰ ਨੇ ਉਨ੍ਹਾਂ ਦੇ ਧਾਰਮਕ, ਪਰਵਾਰਕ ਤੇ ਸਮਾਜਕ ਜੀਵਨ ਨਾਲ ਜੁੜੀਆਂ ਕਈ ਮਹੱਤਵਪੂਰਨ ਗੱਲਾਂ ਤੇ ਘਟਨਾਵਾਂ ਸੰਗਤ ਨਾਲ ਸਾਂਝੀਆਂ ਕੀਤੀਆਂ ਅਤੇ ਕਿਹਾ ਕਿ ਉਨ੍ਹਾਂ ਦਾ ਅਧਿਆਤਮਕ ਜੀਵਨ ਸਾਡੇ ਲਈ ਪ੍ਰੇਰਨਾ ਦਾਇਕ ਹੈ। ਨਾਮਧਾਰੀ ਵਿਦਿਅਕ ਜੱਥੇ ਦੇ ਸਕੱਤਰ ਸੰਤ ਹਰਪਾਲ ਸਿੰਘ ਨੇ ਵੀ ਇਸ ਮੌਕੇ ਆਪਣੇ ਵਿਚਾਰ ਸਾਂਝੇ ਕੀਤੇ। 'ਇਤਿਹਾਸ ਖੋਜ ਰਤਨ ਪੁਰਸਕਾਰ' ਨਾਲ ਸਨਮਾਨਤ ਸ੍ਰ. ਜਸਵਿੰਦਰ ਸਿੰਘ ਅਤੇ ਸ਼ਾਇਰ ਸੈਂਭੀ ਹਰਭਜਨ ਸਿੰਘ ਰਤਨ ਨੇ ਵੀ ਬੀਬੀ ਜੀ ਦੇ ਉਚੇ ਸੁੱਚੇ ਜੀਵਨ ਨਾਲ ਜੁੜੀਆਂ ਯਾਦਾਂ ਨੂੰ ਤਾਜ਼ਾ ਕੀਤਾ।

ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਅਤੇ ਜਾਣੇ-ਪਛਾਣੇ ਸਾਹਿਤ-ਚਿੰਤਕ ਡਾ. ਮਨਜੀਤ ਸਿੰਘ ਨੇ ਬੜੇ ਫ਼ਲਾਸਫ਼ਿਕ ਅੰਦਾਜ਼ ਵਿਚ ਗੁਰਬਾਣੀ ਤੇ ਉਰਦੂ ਸ਼ਾਇਰੀ ਦੇ ਹਵਾਲਿਆਂ ਨਾਲ ਬੀਬੀ ਜੀ ਦੇ ਜੀਵਨ ਨੂੰ ਰੂਹਾਨੀਅਤ ਦੀ ਉੱਚਤਾ 'ਤੇ ਪੁੱਜਿਆ ਜੀਵਨ ਗਰਦਾਨਿਆ। ਡਾ. ਸਾਹਿਬ ਨੇ ਦਿੱਲੀ ਦੇ ਸਾਹਿਤਕ ਮੰਚਾਂ ਤੋਂ ਬੀਬੀ ਜੀ ਵਲੋਂ ਪੇਸ਼ ਕੀਤੀਆਂ ਜਾਂਦੀਆਂ ਕਵਿਤਾਵਾਂ ਦਾ ਜਿਕਰ ਕਰਦਿਆਂ ਕਿਹਾ ਕਿ ਅਜੇ ਪਿਛਲੇ ਹਫਤੇ ਉਨ੍ਹਾਂ ਨੇ ਬੀਬੀ ਗੁਰਮੀਤ ਕੌਰ ਨੂੰ ਕਿਹਾ ਸੀ ਕਿ ਤੁਹਾਡਾ ਪਿਛੋਕੜ ਲਾਲਾ ਧਨੀਰਾਮ ਚਾਤ੍ਰਿਕ ਨਾਲ ਜੁੜਿਆ ਹੋਇਆ ਹੈ। ਤੁਸੀਂ ਸਾਡੀ ਸਾਹਿਤਕ ਬੈਠਕਾਂ ਵਿਚ ਵਧ ਸਮਾਂ ਦਿਆ ਕਰੋ। ਅਖ਼ੀਰ 'ਤੇ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਚੇਅਰਮੈਨ ਰਾਸ਼ਟਰੀ ਘੱਟ ਗਿਣਤੀ ਸ੍ਰ. ਹਰਵਿੰਦਰ ਸਿੰਘ ਹੰਸਪਾਲ ਨੇ ਸੈਕਸਪੀਅਰ ਦੇ ਕਥਨ ਦਾ ਸਹਾਰਾ ਲੈਂਦਿਆਂ ਕਿਹਾ ਕਿ ਸਰਬ ਸ਼ਕਤੀਮਾਨ ਦੀ ਕਾਮਯਾਬੀ ਪਿੱਛੇ ਬੀਬੀ ਗੁਰਮੀਤ ਕੌਰ ਦਾ ਵੱਡਾ ਹੱਥ ਸੀ। ਅਮਰ ਭਾਰਤੀ ਤੇ ਸੰਤ ਮੰਗਲ ਸਿੰਘ ਲਾਇਲਪੁਰੀ ਹੁਰਾਂ ਨਾਲ ਨਿੱਘੀਆਂ ਸਾਂਝਾਂ ਤਾਜਾ ਕਰਦਿਆਂ ਉਨ੍ਹਾਂ ਕਿਹਾ ਕਿ ਬੀਬੀ ਗੁਰਮੀਤ ਕੌਰ ਦੇ ਜੀਵਨ ਬਾਬਤ ਜਿਹੜੀਆਂ ਪਰਤਾਂ ਅੱਜ ਇੱਥੇ ਖੁਲ੍ਹੀਆਂ ਹਨ, ਮੈਂ ਉਨ੍ਹਾਂ ਤੋਂ ਭਲੀ ਪ੍ਰਕਾਰ ਵਾਕਿਫ਼ ਨਹੀਂ ਸੀ। ਸਹੀ ਅਰਥਾਂ ਵਿਚ ਬੀਬੀ ਜੀ ਦੀਆਂ ਕਵਿਤਾਵਾਂ ਗਿਆਨ ਭਰਪੂਰ ਹੁੰਦੀਆਂ ਸਨ। ਸਾਡੇ ਪੰਥ ਦੀ ਰੌਣਕ ਸਨ ਬੀਬੀ ਗੁਰਮੀਤ ਕੌਰ।

ਇਸ ਮੌਕੇ 'ਤੇ ਦੇਸ ਵਿਦੇਸ ਤੋਂ ਪੁੱਜੇ ਦੂਰ ਨੇੜੇ ਦੇ ਸਬੰਧੀਆਂ ਤੋਂ ਇਲਾਵਾ ਪੰਜਾਬੀ ਅਕਾਦਮੀ ਦਿੱਲੀ ਦੇ ਸਕੱਤਰ ਸ੍ਰ. ਗੁਰਭੇਜ ਸਿੰਘ ਗੁਰਾਇਆ, ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਡੀ.ਜੀ.ਐਮ. ਸ੍ਰ. ਮੱਖਣ ਸਿੰਘ, ਪੰਜਾਬੀ ਭਵਨ ਦੇ ਮੈਨੇਜਰ ਸ੍ਰੀ ਅਸ਼ੋਕ ਵਾਸ਼ਿਸ਼ਠ, ਸਪਤ-ਸ੍ਰਿੰਗ ਅੰਤਰ-ਰਾਸ਼ਟਰੀ ਕਵੀ ਸਭਾ ਦੇ ਜਨਰਲ ਸਕੱਤਰ ਤੇ ਸ਼ਾਇਰ ਅਮਰਜੀਤ ਸਿੰਘ ਅਮਰ, ਸ਼ਾਇਰਾ ਜਗਜੀਤ ਕੌਰ ਭੋਲੀ, ਸ਼ਾਇਰ ਰਾਮ ਸਿੰਘ ਰਾਹੀ, ਸ਼ਾਇਰ ਗੁਰਚਰਨ ਸਿੰਘ ਚਰਨ, ਐਸ. ਐਸ. ਮਨਧੀਰ, ਕੇਂਦਰੀ ਪੰਜਾਬੀ ਸਾਹਿਤ ਸੰਮੇਲਨ ਦੇ ਪ੍ਰਧਾਨ ਡਾ. ਮਨਜੀਤ ਸਿੰਘ ਤੇ ਜਨਰਲ ਸਕੱਤਰ ਸ਼ਾਇਰ ਮੋਹਨ ਸਿੰਘ ਬੈਰੀ, ਪੱਤਰਕਾਰ ਕਮਲਜੀਤ ਸਿੰਘ ਨੰਦਾ ਅਤੇ ਨਾਮਧਾਰੀ ਦਰਬਾਰ ਨਾਲ ਜੁੜੀਆਂ ਕਈ ਮਹੱਤਵਪੂਰਨ ਹਸਤੀਆਂ ਨੇ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਅੰਤਮ ਅਰਦਾਸ ਵਿਚ ਸ਼ਾਮਲ ਹੋਈਆਂ। ■

# ਲੁਧਿਆਣਾ ਹਫਤਾਵਾਰੀ ਸਮਾਗਮ ਸਮੇਂ ਸਤਿਗੁਰੂ ਜੀ ਦੇ ਦਰਸ਼ਨ






**ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਖੰਡ ਪਾਠ ਦਾ ਭੋਗ ਪਾਉਂਦੇ ਪਾਠੀ ਸਿੰਘ ਹੇਠਾਂ ਬੈਠੀ ਸਾਧ ਸੰਗਤ।**

22-5-2016-ਅੱਜ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਸਾਧ ਸੰਗਤ ਵਲੋਂ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਅਤੇ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਕੀਤੇ ਗਏ ਅਖੰਡ ਪਾਠ ਦਾ ਭੋਗ ਪਾਇਆ ਗਿਆ। 20 ਮਈ ਸ਼ੁਕਰਵਾਰ ਨੂੰ 8.30 ਵਜੇ ਅਖੰਡ ਪਾਠ ਦੀ ਆਰੰਭਤਾ ਅਰਦਾਸ ਕਰਕੇ ਕੀਤੀ ਗਈ ਸੀ। ਅਖੰਡ ਪਾਠ ਵਿਚ ਸਾਧ ਸੰਗਤ ਅਤੇ ਨੌਜਵਾਨਾਂ ਵਿਚ ਬਹੁਤ ਉਤਸ਼ਾਹ ਸੀ। ਪਾਠ ਦੀ ਰੋਲ ਵਿਚ ਕਰੀਬ 58 ਮੈਂਬਰਾਂ ਨੇ ਪ੍ਰਬੰਧਕਾਂ ਦੀ ਅਗਵਾਈ ਹੇਠ ਪਾਠ ਅਤੇ ਧੂਪੀਏ ਦੀ ਸੇਵਾ ਨਿਭਾਈ।




**ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਆਸਾ ਦੀ ਵਾਰ ਵਿਚ ਸ੍ਰੀ ਸਤਿਗੁਰੂ ਜੀ ਦੇ ਆਗਮਨ ਤੇ ਉਠ ਖੜੋਤੀ ਸਾਧ ਸੰਗਤ।**

22-5-2016- ਅੱਜ ਸੰਤ ਗਿਆਨ ਸਿੰਘ ਓਸਹਾਨ ਧੁਰੀ ਲਾਈਨ ਦੇ ਪਰਿਵਾਰ ਵਲੋਂ ਕਰਵਾਏ ਗਏ ਸਮਾਗਮ ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਖੁਲੇ ਦਰਸ਼ਨ ਦਿਦਾਰੇ ਬਖਸ਼ੇ। ਕਰੀਬ 4.30 ਵਜੇ ਸ੍ਰੀ ਸਤਿਗੁਰੂ ਜੀ ਆਸਾ ਦੀ ਵਾਰ ਵਿਚ ਦਰਸ਼ਨ ਦਿੱਤੇ। ਆਸਾ ਦੀ ਵਾਰ ਦਾ ਕੀਰਤਨ ਸੰਤ ਸੁਖਵਿੰਦਰ ਸਿੰਘ ਲਾਇਲ, ਜਥੇਦਾਰ ਅਮਰੀਕ ਸਿੰਘ ਨੇ ਜਥੇ ਸਮੇਤ ਤੰਤੀ ਸਾਜਾਂ ਨਾਲ ਕੀਤਾ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸਾਧ-ਸੰਗਤ ਵਲੋਂ ਕੀਤੇ ਗਏ ਅਖੰਡ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। 2 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 1 ਪਾਠ ਸੰਤ ਹਰਵਿੰਦਰ ਸਿੰਘ ਵਲੋਂ ਘਰ ਦੀ ਸੁਖ ਸ਼ਾਂਤੀ ਲਈ। 1 ਪਾਠ ਸੰਤ ਰਵਿੰਦਰ ਸਿੰਘ ਚਚਰਾੜੀ ਵਲੋਂ ਘਰ ਦੀ ਸੁਖ ਸ਼ਾਂਤੀ ਲਈ ਪਾਇਆ ਗਿਆ।

Date of Publication: 15/06/2016, Date of Posting: 16-17/06/2016
Posted at PSO New Delhi-110001

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ੍ਰੀ ਸਤਿਗੁਰੂ ਜੀ ਨੇ ਇਲਾਕਾ ਸ੍ਰੀ ਜੀਵਨ ਨਗਰ ਅਤੇ ਇਥੋ ਦੇ ਕਈ ਹੋਰ ਇਲਾਕਿਆਂ ਨੂੰ ਨਸ਼ਾ ਮੁਕਤ ਕਰਨ ਦਾ ਬੀੜਾ ਚੁਕਿਆ ਹੈ ਇਸੇ ਉਪਲਕਸ਼ ਵਿੱਚ ਪ੍ਰਤਾਪ ਮੰਦਰ ਸੰਤ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਇੱਕਤਰ ਹੋਈ ਸਾਧ-ਸੰਗਤ, ਵਿਸ਼ੇਸ਼ ਪ੍ਰਾਹੁਣੇ ਐਸ.ਡੀ.ਐਮ ਸ੍ਰੀ ਪ੍ਰਦੀਪ ਦਹੀਆ ਪੁੱਜੇ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਾਸਤੇ ਆਪਣੇ ਵਿਚਾਰ ਸਾਂਝੇ ਕਰਦੇ ਸ੍ਰੀ ਦਲੀਪ ਸਿੰਘ ਥਾਣਾ ਪ੍ਰਭਾਰੀ (SHO Rania) ।



ਭਾਰਤ ਦੇ ਮਸ਼ਹੂਰ ਸੂਫੀ ਗਾਇਕ ਹੰਸਰਾਜ ਹੰਸ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ - 5.6.2016



ਲੁਧਿਆਣਾ ਹਫਤਾਵਾਰੀ ਸਮਾਗਮ ਸਮੇਂ ਆਸਾ ਦੀ ਵਾਰ ਵਿੱਚ ਸ੍ਰੀ ਸਤਿਗੁਰੂ ਜੀ ਦਰਸ਼ਨ ਦੇਣ ਦੀ ਬਖ਼ਸ਼ਿਸ਼ ਕੀਤੀ - 22.5.2016





ਸ੍ਰੀ ਭੈਣੀ ਸਾਹਿਬ ਜਗਜੀਤ ਮੰਦਰ ਵਿੱਚ ਪੂਰੀ ਸੁਚ ਮਰਿਯਾਦਾ ਅਨੁਸਾਰ ਚੋਪਈ ਪਾਤਸ਼ਾਹੀ ੧੦ਵੀਂ ਦੇ ਪਾਠਾਂ ਵਿੱਚ ਹਿੱਸਾ ਲੈਂਦੇ ਸੋਧੀ ਸਿੰਘ ਅਤੇ ਪ੍ਰਬੰਧਕ ਸੰਤ ਗੁਰਦਿਆਲ ਸਿੰਘ ਰਾਇਸਰ, ਸੰਤ ਸਤਨਾਮ ਸਿੰਘ ਅਤੇ ਗੁਰਦੇਵ ਸਿੰਘ ਚੀਮਾ ।



ਸਰਵ ਸ਼ਕਤੀ ਮਾਨ ਸਿੰਘ ਸੰਪਾਦਕ ਵਰਤਮਾਨ ਹਿੰਦੁਸਤਾਨ ਦੀ ਧਰਮ ਪਤਨੀ ਬੀਬੀ ਗੁਰਮੀਤ ਕੌਰ ਮੀਤ ਨਮਿਤ ਪਾਠ ਦਾ ਭੋਗ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿੱਲੀ ਵਿਖੇ ਪਾਇਆ ਗਿਆ ।



ਮੋਹਾਲੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੇਲੇ ਸਮੇਂ ਸਾਧ-ਸੰਗਤ ਨੂੰ ਠੰਡਾ ਮੀਠਾ ਜਲ ਛਕਾਉਂਦੇ ਸੂਬਾ ਪਰਮਜੀਤ ਸਿੰਘ ਅਤੇ ਹੋਰ ਸਾਧ-ਸੰਗਤ ।

Subscriber's Address

Type setting by:
CADCON
Designed by :
Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.23 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 7.21 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 16 of 16 June 2016